

# ਇੰਡੀਆ ਜਾਗ੍ਰਿਤੀ

ਹੱਕ, ਸੱਚ ਅਤੇ ਇਨਸਾਫ਼ ਦੀ ਆਵਾਜ

ਮੁੱਖ ਸੰਪਾਦਕ : ਸੁਖਚੈਨ ਸਿੰਘ     ਸੰਪਾਦਕ : ਹਰਦੇਵ ਸਿੰਘ     ਵੀਕਲੀ ਅਖ਼ਬਾਰ



Website : www.indiajagriti.com | email : indiajagriti.jalandhar@gmail.com | office : C-14, Guru Sant Nagar, jalandhar 144003

Date : 10 To 17 October, 2022   Rupees : 3   Year : 4   Issue : 341   Page : 4   Contact : 98721-75624   ਰਜਿ. PUNPUN 2016/74003




## ਯੂਕ੍ਰੇਨ ਦੇ ਜ਼ਪੋਰੀਜ਼ੀਆ ਸ਼ਹਿਰ 'ਚ ਰੂਸ ਨੇ ਕੀਤਾ ਹਮਲਾ 17 ਲੋਕਾਂ ਦੀ ਮੌਤ

**ਯੂਕ੍ਰੇਨ/ਜਾਗ੍ਰਿਤੀ ਬਿਊਰੋ**

ਯੂਕ੍ਰੇਨ ਦੇ ਜ਼ਪੋਰੀਜ਼ੀਆ ਸ਼ਹਿਰ 'ਚ ਇਕ ਅਪਾਰਟਮੈਂਟ 'ਚ ਹੋਏ ਰੂਸੀ ਹਮਲੇ ਦੌਰਾਨ 17 ਲੋਕਾਂ ਦੀ ਮੌਤ ਹੋਣ ਦੀ ਖ਼ਬਰ ਮਿਲੀ ਹੈ। ਇਹ ਜਾਣਕਾਰੀ ਸ਼ਹਿਰ ਦੇ ਇਕ ਸੀਨੀਅਰ ਅਧਿਕਾਰੀ ਨੇ ਦਿੱਤੀ ਹੈ। ਨਗਰ ਕੌਂਸਲ ਦੇ ਸਕੱਤਰ ਅਨਾਤੋਲੀ ਕੁਰਤਵ ਨੇ ਕਿਹਾ ਕਿ ਬੀਤੀ ਰਾਤ ਸ਼ਹਿਰ 'ਤੇ ਰਾਕੇਟ ਹਮਲੇ ਕੀਤੇ ਗਏ, ਜਿਸ 'ਚ ਘੱਟ ਤੋਂ ਘੱਟ 5 ਮਕਾਨ ਤਬਾਹ ਹੋ ਗਏ ਅਤੇ ਲਗਭਗ 40 ਹੋਰਾਂ ਨੂੰ ਨੁਕਸਾਨ ਪਹੁੰਚਿਆ ਹੈ। ਯੂਕ੍ਰੇਨ ਦੀ ਸੈਨਾ ਨੇ ਵੀ ਹਮਲੇ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਇਨ੍ਹਾਂ 'ਚ ਦਰਜਨਾਂ ਲੋਕ ਜ਼ਖ਼ਮੀ ਹੋਏ ਹਨ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਕ੍ਰੀਮਿਆ ਟਾਪੂ ਨੂੰ ਰੂਸ ਨਾਲ ਜੋੜਨ ਵਾਲੇ ਇਕ ਪੁਲ 'ਤੇ ਧਮਾਕਾ ਹੋਇਆ ਸੀ, ਜਿਸ ਦੇ ਕਾਰਨ ਪੁਲ ਥੋੜ੍ਹਾ ਢਹਿ ਗਿਆ ਸੀ। ਰੂਸ ਇਸੇ ਪੁਲ ਦੇ ਰਸਤੇ ਦੱਖਣੀ ਯੂਕ੍ਰੇਨ 'ਚ ਯੁੱਧ ਲਈ ਫ਼ੌਜ ਦੇ ਸਾਜੋ-ਸਾਮਾਨ ਭੇਜਦਾ ਹੈ। ਹਾਲ ਹੀ ਦੇ ਹਫ਼ਤਿਆਂ 'ਚ ਜਾਪੋਰਿਜੀਆ ਨੂੰ ਕਈ ਵਾਰ ਨਿਸ਼ਾਨਾ ਬਣਾਇਆ ਗਿਆ ਹੈ। ਇਹ ਯੂਕ੍ਰੇਨ ਦੇ ਕੰਟਰੋਲ ਵਾਲੇ ਖੇਤਰ 'ਚ ਆਉਂਦਾ ਹੈ,



ਜਿਸ 'ਤੇ ਰੂਸ ਨੇ ਪਿਛਲੇ ਹਫ਼ਤੇ ਕਬਜ਼ਾ ਕਰ ਲਿਆ ਸੀ। ਇਸ ਖੇਤਰ ਦਾ ਇਕ ਹਿੱਸਾ ਫਿਲਹਾਲ ਰੂਸ ਦੇ ਕਬਜ਼ੇ 'ਚ ਹੈ। ਇਥੇ ਹੀ ਜ਼ਪੋਰੀਜ਼ੀਆ ਪਰਮਾਣੂੰ ਊਰਜਾ ਪਲਾਂਟ ਸਥਿਤ ਹੈ, ਜਿਸ ਨੂੰ ਯੂਰਪ ਦਾ ਸਭ ਤੋਂ ਵੱਡਾ ਊਰਜਾ ਪਲਾਂਟ ਕਿਹਾ ਜਾਂਦਾ ਹੈ।

## ਰੇਲਵੇ ਕਰਮਚਾਰੀਆਂ ਦੀ ਚੌਕਸੀ ਕਾਰਨ 'ਵੰਦੇ ਭਾਰਤ ਐਕਸਪ੍ਰੈੱਸ' ਨਾਲ ਹਾਦਸਾ ਟਲਿਆ



**ਪ੍ਰਯਾਗਰਾਜ/ਜਾਗ੍ਰਿਤੀ ਬਿਊਰੋ**

ਰੇਲਵੇ ਕਰਮਚਾਰੀਆਂ ਦੀ ਚੌਕਸੀ ਕਾਰਨ ਸ਼ਨੀਵਾਰ ਨੂੰ ਨਵੀਂ ਦਿੱਲੀ ਤੋਂ ਵਾਰਾਣਸੀ ਆਉਣ ਵਾਲੀ ਵੰਦੇ ਭਾਰਤ ਟਰੇਨ ਹਾਦਸੇ ਤੋਂ ਬਚ ਗਈ ਉੱਤਰੀ ਮੱਧ ਰੇਲਵੇ ਵੱਲੋਂ ਜਾਰੀ ਇਕ ਰਿਲੀਜ਼ ਅਨੁਸਾਰ ਰੇਲਗੱਡੀ ਨੰਬਰ 22436-ਵੰਦੇ ਭਾਰਤ ਐਕਸਪ੍ਰੈੱਸ ਸ਼ਨੀਵਾਰ ਨੂੰ ਨਵੀਂ ਦਿੱਲੀ ਸਟੇਸ਼ਨ ਤੋਂ ਆਪਣੇ ਨਿਰਧਾਰਤ ਸਮੇਂ 'ਤੇ ਸਵੇਰੇ 6 ਵਜੇ ਰਵਾਨਾ ਹੋਈ ਅਤੇ ਸਵੇਰੇ 06.38 ਵਜੇ ਦਾਦਰੀ ਸਟੇਸ਼ਨ ਨੂੰ ਪਾਰ ਕੀਤਾ ਜਦੋਂ ਟ੍ਰੇਨ ਲੈਵਲ ਕਰਾਸਿੰਗ ਫਾਟਕ ਨੰਬਰ 146 ਨੂੰ ਪਾਰ ਕਰ ਰਹੀ ਸੀ ਤਾਂ ਉੱਥੇ ਕੰਮ ਕਰ ਰਹੇ ਫਾਟਕ ਮੈਨ ਸ਼ਾਜ਼ੇਬ ਨੇ ਟਰੇਨ ਦੇ ਡੱਬਿਆਂ ਦਾ 'ਅੰਡਰ ਗਿਅਰ' ਦੇਖਿਆ ਸ਼ਾਜ਼ੇਬ ਨੇ ਰੇਲਗੱਡੀ ਦੇ ਪਿਛਲੇ ਐੱਸ ਐੱਲ ਆਰ ਤੋਂ ਸੱਤਵੇਂ ਡੱਬੇ 'ਚ ਕੁਝ ਰਗੜ ਮਹਿਸੂਸ ਕੀਤੀ ਅਤੇ ਇਸ ਦੀ ਸੂਚਨਾ ਦਿੱਤੀ, ਜਿਸ 'ਤੇ ਟੀ ਐੱਸ ਆਰ ਸਟਾਫ ਵੱਲੋਂ ਅਜਾਇਬਪੁਰ ਵਿਖੇ 06.46 ਵਜੇ ਰੇਲ ਗੱਡੀ ਦੀ ਜਾਂਚ ਕੀਤੀ ਗਈ ਅਤੇ ਕੋਚ ਨੰਬਰ ਸੀ-8 'ਚ @ਬ੍ਰੇਕ ਬਾਈਂਡਿੰਗ@ ਪਾਈ ਗਈ, ਜਿਸ ਨੂੰ ਠੀਕ ਕਰਕੇ ਵੱਖ ਕੀਤਾ ਗਿਆ ਅਤੇ ਟ੍ਰੇਨ ਨੂੰ 07.03 ਵਜੇ ਰਵਾਨਾ ਕੀਤਾ ਗਿਆ ਰੇਲ ਗੱਡੀ ਦੇ ਰਵਾਨਾ ਹੋਣ ਮੌਕੇ ਸਟੇਸ਼ਨ ਮਾਸਟਰ ਬ੍ਰਿਜੇਸ਼ ਕੁਮਾਰ ਅਤੇ ਪੁਆਇੰਟਮੈਨ ਬ੍ਰਿਜੇਸ਼ ਕੁਮਾਰ ਨੇ ਦਨਕੌਰ ਸਟੇਸ਼ਨ ਤੋਂ ਉਸੇ ਡੱਬੇ 'ਚ ਦੁਬਾਰਾ ਕੁਝ ਅਣਉਚਿਤ ਪਾਇਆ ਅਤੇ ਓ.ਐੱਚ.ਈ. ਨੂੰ ਬੰਦ ਕਰਕੇ ਰੇਲਗੱਡੀ ਨੂੰ ਰੋਕ ਦਿੱਤਾ ਗਿਆ ਜਾਂਚ ਦੌਰਾਨ ਪਤਾ ਲੱਗਾ ਕਿ ਟਰੇਨ ਦੀ @ਟਰੈਕਸ਼ਨ ਮੋਟਰ 'ਚ ਬਿਅਰਿੰਗ 'ਚ ਨੁਕਸ ਹੈ, ਜਿਸ ਨੂੰ ਖੁਰਜਾ ਤੋਂ ਗੈਸ ਕਟਰ ਮੰਗਵਾ ਕੇ ਕੱਟਿਆ ਗਿਆ ਸੀ

ਸੁਰੱਖਿਆ ਦੇ ਨਜ਼ਰੀਏ ਤੋਂ ਅਤੇ ਮੁਸਾਫਿਰਾਂ ਨੂੰ ਹੋਣ ਵਾਲੀ ਅਸੁਵਿਧਾ ਨੂੰ ਘੱਟ ਕਰਨ ਦੇ ਉਦੇਸ਼ ਨਾਲ ਦਿੱਲੀ ਤੋਂ ਸ਼ਤਾਬਦੀ ਐਕਸਪ੍ਰੈਸ ਦਾ ਰੈਕ ਮੰਗਵਾ ਕੇ 12.57 ਵਜੇ ਸਾਰੇ 1068 ਯਾਤਰੀਆਂ ਨੂੰ ਇਸ ਵਿਚ ਟਰਾਂਸਫਰ ਕਰ ਟਰੇਨ ਨੂੰ ਮੰਜ਼ਿਲ ਵੱਲ ਰਵਾਨਾ ਕੀਤਾ ਗਿਆ।

## ਸਨਸਨੀਖੇਜ ਵਾਰਦਾਤ ਪ੍ਰੇਮੀ ਨੇ ਕਤਲ ਕਰ ਘਰ 'ਚ ਦਫਨਾਈ ਪ੍ਰੇਮਿਕਾ ਦੀ ਲਾਸ਼



**ਫਿਰੋਜਾਬਾਦ/ਜਾਗ੍ਰਿਤੀ ਬਿਊਰੋ**

ਉੱਤਰ ਪ੍ਰਦੇਸ਼ ਦੇ ਫਿਰੋਜਾਬਾਦ ਜਿਲ੍ਹੇ ਦੇ ਸਿਰਸਾਗੰਜ ਖੇਤਰ 'ਚ ਇਕ ਸਨਸਨੀਖੇਜ ਵਾਰਦਾਤ ਸਾਹਮਣੇ ਆਈ ਹੈ। ਇੱਥੇ ਇਕ ਕੁੜੀ ਦਾ ਕੰਕਾਲ ਦੋ ਸਾਲ ਬਾਅਦ ਉਸ ਦੇ ਪ੍ਰੇਮੀ ਦੇ ਘਰ ਅੰਦਰੋਂ ਜਮੀਨ ਦੀ ਖੋਦਾਈ ਕਰ ਕੇ ਕੱਢਿਆ ਗਿਆ। ਪੁਲਸ ਅਧਿਕਾਰੀ ਅਨਿਵੇਸ਼ ਕੁਮਾਰ ਨੇ ਐਤਵਾਰ ਨੂੰ ਦੱਸਿਆ ਕਿ 21 ਨਵੰਬਰ 2020 ਨੂੰ ਲਾਪਤਾ ਹੋਈ 20 ਸਾਲਾ ਖੁਸ਼ਬੂ ਨੂੰ ਉਸ ਦੇ ਪ੍ਰੇਮੀ ਹੀ ਗੌਰਵ ਨੇ ਜਹਿਰ ਦੇ ਕੇ ਮਾਰ ਦਿੱਤਾ ਸੀ ਅਤੇ ਉਸ ਦੀ ਲਾਸ਼ ਆਪਣੇ ਹੀ ਘਰ ਦੇ ਕਮਰੇ 'ਚ ਫਰਸ਼ ਪੁੱਟ ਕੇ ਦਫਨਾ ਦਿੱਤੀ ਸੀ।

ਪੁਲਸ ਅਧਿਕਾਰੀ ਮੁਤਾਬਕ ਸ਼ਨੀਵਾਰ ਨੂੰ ਪੁਲਸ ਨੂੰ ਗ੍ਰਿਫਤਾਰ ਕਰ ਕੇ ਉਸ ਦੀ ਨਿਸ਼ਾਨਦੇਹੀ ਕਰ ਕੇ ਕੁੜੀ ਦਾ ਕੰਕਾਲ ਬਰਾਮਦ ਕੀਤਾ। ਉਨ੍ਹਾਂ ਨੇ ਦੱਸਿਆ ਕਿ 20 ਨਵੰਬਰ 2020 ਨੂੰ ਸਿਰਸਾਗੰਜ ਥਾਣਾ ਖੇਤਰ ਦੇ ਕਿਠੌਥ ਪਿੰਡ ਵਾਸੀ ਭੀਕਮ ਸਿੰਘ ਦੀ ਧੀ ਖੁਸ਼ਬੂ ਘਰ ਤੋਂ ਗਾਇਬ ਹੋ ਗਈ ਸੀ। ਇਸ ਮਾਮਲੇ 'ਚ ਗੌਰਵ ਖਿਲਾਫ ਮੁਕੱਦਮਾ ਦਰਜ ਕਰਵਾਇਆ ਗਿਆ ਸੀ, ਜਿਸ ਤੋਂ ਬਾਅਦ ਗੌਰਵ ਵੀ ਲਾਪਤਾ ਸੀ। ਪੁਲਸ ਗੌਰਵ ਅਤੇ ਖੁਸ਼ਬੂ ਨੂੰ ਪਿਛਲੇ ਦੋ ਸਾਲਾਂ ਤੋਂ ਤਲਾਸ਼ ਰਹੀ ਸੀ। ਪੁਲਸ ਅਧਿਕਾਰੀ ਕੁਮਾਰ ਮੁਤਾਬਕ ਸ਼ਨੀਵਾਰ ਦੀ ਦੁਪਹਿਰ ਨੂੰ ਪੁਲਸ ਨੇ ਗੌਰਵ ਨੂੰ ਗ੍ਰਿਫਤਾਰ ਕਰ ਲਿਆ। ਪੁੱਛ-ਗਿੱਛ 'ਚ ਪ੍ਰੇਮੀ ਦੋਸ਼ੀ ਗੌਰਵ ਨੇ ਦੱਸਿਆ ਕਿ ਖੁਸ਼ਬੂ ਨੇ ਉਸ 'ਤੇ ਵਿਆਹ ਦਾ ਦਬਾਅ ਬਣਾਇਆ ਸੀ, ਇਸ ਲਈ ਉਸ ਨੇ 21 ਨਵੰਬਰ 2020 ਨੂੰ ਜਹਿਰ ਦੇ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਫਿਰ ਲਾਸ਼ ਨੂੰ ਕਮਰੇ ਦਾ ਫਰਸ਼ ਪੁੱਟ ਕੇ ਦਫਨਾ ਕੇ ਉਸ ਦੇ ਉੱਪਰ ਸਾਮਾਨ ਰੱਖ ਦਿੱਤਾ।

## 'ਵਾਰਿਸ ਪੰਜਾਬ ਦੇ' ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਖੜ੍ਹੇ ਸ. ਹਰਦੇਵ ਸਿੰਘ

**ਜਲੰਧਰ/ਸੰਜੇ ਰਾਜਪੂਤ**

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਹੱਕ ਵਿਚ ਬੋਲਦੇ ਹੋਏ ਪੱਤਰਕਾਰ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸ. ਹਰਦੇਵ ਸਿੰਘ ਨੇ ਕਿਹਾ ਕਿ ਸ. ਅੰਮ੍ਰਿਤਪਾਲ ਸਿੰਘ ਉਹ ਸ਼ਖਸੀਅਤ ਹੈ ਜੋ ਸਿੱਖੀ ਨੂੰ ਬਚਾਉਣ ਲਈ ਇਕੱਲਾ ਹੀ ਮੈਦਾਨ ਵਿਚ ਉਤਰ ਚੁਕਾ ਹੈ ਅਤੇ ਇਹ ਅਖੌਤੀਆਂ ਸਰਕਾਰਾਂ ਨੂੰ ਸ. ਅੰਮ੍ਰਿਤਪਾਲ ਸਿੰਘ ਦੀ ਇਸ ਜੰਗ ਨੂੰ ਦੇਖਦੇ ਹੋਏ ਆਪਣੇ ਹੱਥਾਂ ਪੈਰਾਂ ਦੀ ਪੈ ਗਈ ਹੈ। ਬਹੁਤ ਘਟ ਸਮੇਂ ਵਿਚ ਇਨੇਂ ਸਿੱਖਾਂ ਨੂੰ ਇਕੱਠੇ ਕਰਕੇ ਉਨਾਂ ਨੂੰ ਸਿੱਖੀ ਬਚਾਉਣ ਲਈ ਸਿੱਖੀ ਵੱਲ ਲੈ ਕੇ ਆਉਣਾ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ। ਸ. ਹਰਦੇਵ ਸਿੰਘ ਨੇ ਕੇਂਦਰ ਤੇ ਰਾਜ ਸਰਕਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਅੰਮ੍ਰਿਤਪਾਲ ਦੀ ਜਗ੍ਹਾ ਦੂਸਰੇ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ।



ਅੰਮ੍ਰਿਤਪਾਲ ਸਿੰਘ ਖਾਲਸਾ ਵੱਲੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਅੰਮ੍ਰਿਤਪਾਨ ਕਰਵਾਉਣ ਦੇ ਮੁੱਦੇ 'ਤੇ ਬੋਲਦਿਆਂ ਸ. ਹਰਦੇਵ ਸਿੰਘ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਜੇਕਰ ਕੋਈ ਨੌਜਵਾਨ ਪੰਜਾਬੀ ਨੌਜਵਾਨਾਂ ਨੂੰ ਗੁਰੂ ਦੇ ਨਾਲ ਜੋੜ ਰਿਹਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਿਨਾਂ ਕਿਸੇ ਤੱਥ ਤੋਂ ਇਲਜ਼ਾਮਬਾਜ਼ੀ ਕਰਨੀ ਗਲਤ ਗੱਲ ਹੈ।

ਉਨਾਂ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਪਹਿਲਾਂ ਹੀ ਨਸ਼ਿਆਂ ਦੇ ਦਲ-ਦਲ ਵਿਚ ਵੜ ਚੁਕੇ ਹਨ ਜਿਨਾਂ ਨੂੰ ਬਚਾਉਣ ਲਈ ਸ. ਅੰਮ੍ਰਿਤਪਾਲ ਵਲੋਂ ਨੌਜਵਾਨਾ ਨੂੰ ਅੰਮ੍ਰਿਤਪਾਨ ਕਰਵਾਉਣਾ ਬਹੁਤ ਹੀ ਚੰਗੀ ਗੱਲ ਹੈ ਦੱਸ ਦਈਏ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੂਬਾ ਸਰਕਾਰ ਨੂੰ ਖਾਲਿਸਤਾਨ ਦੇ ਮੁੱਦੇ 'ਤੇ ਕਾਰਵਾਈ ਕਰਨ ਦੀ ਲੋੜ ਹੈ। ਅੰਮ੍ਰਿਤਪਾਲ ਦੇ ਭਾਸਣ ਤੇ ਵਿਚਾਰਧਾਰਾ ਨੂੰ ਦੇਸ਼ ਦੀ ਅਖੰਡਤਾ ਨੂੰ ਪ੍ਰਭਾਵਿਤ ਕਰਨ ਵਾਲਾ ਮੰਨ ਰਹੀਆਂ ਹਨ। ਦੂਜੇ ਪਾਸੇ ਹਿੰਦੂ ਸੰਗਠਨਾਂ ਨੇ ਵੀ ਅੰਮ੍ਰਿਤਪਾਲ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਖਾਲਿਸਤਾਨੀ ਲਹਿਰ ਨੂੰ ਵਧਾਵਾ ਦੇ ਰਿਹਾ ਹੈ। ਜਿਸਦੇ ਖਿਲਾਫ ਬੋਲਦਿਆਂ ਸ. ਹਰਦੇਵ ਸਿੰਘ ਜੀ ਨੇ ਕਿਹਾ ਕਿ ਇਹ ਜੋ ਭੇਡਾਂ ਸ. ਅੰਮ੍ਰਿਤਪਾਲ ਸਿੰਘ ਦੇ ਖਿਲਾਫ ਮੋਰਚਾ ਖੋਲੀ ਬੈਠੀਆਂ ਹਨ ਉਨਾਂ ਨੂੰ ਪਹਿਲਾਂ ਆਪਣੀ ਪੀੜੀ ਥਲੇ ਸੋਟਾ ਮਾਰਨਾ ਚਾਹੀਦਾ ਹੈ। ਉਨਾਂ ਨੇ ਕਿਹਾ ਕਿ ਸਿੱਖਾਂ ਨਾਲ ਸ਼ੁਰੂ ਤੋਂ ਹੀ ਵਿਤਕਰਾ ਹੁੰਦਾ ਆਇਆ ਹੈ ਅਤੇ ਜੇਕਰ ਆਪਣੀ ਹੱਕੀ ਮੰਗਾਂ ਲਈ ਕੋਈ ਸਿੱਖ ਅਵਾਜ ਉਠਾਉਂਦਾ ਹੈ ਤਾਂ ਉਸਦੀ ਅਵਾਜ ਨੂੰ ਦਬਾਅ ਦਿੱਤਾ ਜਾਂਦਾ ਹੈ ਪਰ ਹੁਣ ਇਹ ਕੁਝ ਨਹੀਂ ਚਲਣਾ। ਸਿੱਖਾਂ ਨੂੰ ਆਪਣੇ ਹੱਕਾਂ ਲਈ ਅੱਗੇ ਆਉਣਾ ਹੀ ਪਵੇਗਾ ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਸ. ਅੰਮ੍ਰਿਤਪਾਲ ਸਿੰਘ ਦੀ ਸੋਚ ਉਤੇ ਪੈਹਰਾ ਦੇਣ ਅਤੇ ਸਿੱਖੀ ਨੂੰ ਬਚਾਉਣ ਲਈ ਅੱਗੇ ਆਉਣ।

## ਦਿੱਲੀ ਆਬਕਾਰੀ ਨੀਤੀ ਘਪਲਾ: ਈ.ਡੀ. ਨੇ ਛਾਪੇਮਾਰੀ ਤੋਂ ਬਾਅਦ ਇਕ ਕਰੋੜ ਦੀ ਨਕਦੀ ਕੀਤੀ ਜਬਤ



**ਨਵੀਂ ਦਿੱਲੀ/ਜਾਗ੍ਰਿਤੀ ਬਿਊਰੋ**

ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਹੁਣ ਖਤਮ ਕੀਤੀ ਜਾ ਚੁੱਕੀ ਦਿੱਲੀ ਆਬਕਾਰੀ ਨੀਤੀ ਵਿਚ ਕਥਿਤ ਘਪਲੇ ਨੂੰ ਲੈ ਕੇ ਮਨੀ ਲਾਂਡਰਿੰਗ ਦੀ ਜਾਂਚ ਦੇ ਸਿਲਸਿਲੇ 'ਚ ਛਾਪੇਮਾਰੀ ਤੋਂ ਬਾਅਦ ਕਰੀਬ 1 ਕਰੋੜ ਰੁਪਏ ਦੀ ਨਕਦੀ ਜਬਤ ਕੀਤੀ ਹੈ। ਅਧਿਕਾਰਤ ਸੂਤਰਾਂ ਨੇ ਸਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਜਾਂਚ ਏਜੰਸੀ ਨੇ ਸੁੱਕਰਵਾਰ ਨੂੰ ਪੰਜਾਬ, ਦਿੱਲੀ-ਐੱਨਸੀਆਰ (ਰਾਸਟਰੀ ਰਾਜਧਾਨੀ ਖੇਤਰ) ਅਤੇ ਆਂਧਰਾ ਪ੍ਰਦੇਸ 'ਚ 35 ਤੋਂ ਵੱਧ ਥਾਵਾਂ 'ਤੇ ਦਿਨ ਭਰ ਛਾਪੇਮਾਰੀ ਕੀਤੀ। ਅਧਿਕਾਰਤ ਸੂਤਰਾਂ ਅਨੁਸਾਰ ਸਰਾਬ ਕਾਰੋਬਾਰੀਆਂ, ਡਿਸਟਰੀਬਿਊਸ਼ਨ ਕੰਪਨੀਆਂ ਅਤੇ ਇਸ ਨਾਲ ਜੁੜੀਆਂ ਇਕਾਈਆਂ ਖ਼?ਲਾਫ ਛਾਪੇਮਾਰੀ ਦੌਰਾਨ ਇਕ ਥਾਂ ਤੋਂ ਕਰੀਬ ਇਕ ਕਰੋੜ ਦੀ ਨਕਦੀ ਜਬਤ ਕੀਤੀ ਗਈ ਹੈ। ਸੂਤਰਾਂ ਨੇ ਬਰਾਮਦਗੀ ਵਾਲੇ ਸਥਾਨਾਂ ਬਾਰੇ ਜਾਣਕਾਰੀ ਗੁਪਤ ਰੱਖੀ ਪਰ ਕਿਹਾ ਕਿ ਕੁਝ ਡਿਜੀਟਲ ਉਪਕਰਨ ਅਤੇ ਦਸਤਾਵੇਜ ਜਬਤ ਕੀਤੇ ਗਏ ਹਨ।

ਸੂਤਰਾਂ ਅਨੁਸਾਰ, ਦਿੱਲੀ ਸਥਿਤ ਇਕ ਟੈਲੀਵਿਜਨ ਸਮਾਚਾਰ ਸੰਗਠਨ ਦੇ ਇਕ ਡਾਇਰੈਕਟਰ ਨਾਲ ਜੁੜੇ ਕੰਪਲੈਕਸ ਤੋਂ ਇਲਾਵਾ ਸ਼ਹਿਰ ਦੇ ਇਕ ਕਾਰੋਬਾਰੀ ਜਿਸ ਦੀ ਕੰਪਨੀ ਵੱਖ-ਵੱਖ ਨਸ਼ੀਲੇ ਪਦਾਰਥਾਂ ਦਾ ਆਯਾਤ ਅਤੇ ਵੰਡ ਕਰਦੀ ਹੈ ਅਤੇ ਪੰਜਾਬ ਦੇ ਇਕ ਸਾਬਕਾ ਵਿਧਾਇਕ ਦੇ ਕੰਪਲੈਕਸ ਦੀ ਵੀ ਈ.ਡੀ. ਦੇ ਅਧਿਕਾਰੀਆਂ ਨੇ ਤਲਾਸ਼ੀ ਲਈ ਸੀ। ਕੇਂਦਰੀ ਏਜੰਸੀ ਇਸ ਮਾਮਲੇ 'ਚ ਹੁਣ ਤੱਕ 103 ਤੋਂ ਵੱਧ ਥਾਂਵਾਂ ਦੀ ਛਾਪੇਮਾਰੀ ਕਰ ਚੁੱਕੀ ਹੈ। ਏਜੰਸੀ ਨੇ ਪਿਛਲੇ ਮਹੀਨੇ ਸ਼ਰਾਬ ਕਾਰੋਬਾਰੀ ਅਤੇ ਸ਼ਰਾਬ ਬਣਾਉਣ ਵਾਲੀ ਕੰਪਨੀ ਇਡੋਸਪੀਰਿਟ ਦੇ ਪ੍ਰਬੰਧ ਡਾਇਰੈਕਟਰ ਸਮੀਰ ਮਹੇਂਦਰੂ ਨੂੰ ਗ੍ਰਿਫਤਾਰ ਕੀਤਾ ਸੀ। ਮਨੀ ਲਾਂਡਰਿੰਗ ਦਾ ਮਾਮਲਾ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਇਕ ਐੱਫ.ਆਈ.ਆਰ. ਤੋਂ ਸਾਹਮਣੇ ਆਇਆ ਹੈ, ਜਿਸ 'ਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਇਕ ਦੋਸ਼ੀ ਵਜੋਂ ਨਾਮਜਦ ਕੀਤਾ ਗਿਆ ਸੀ। ਉੱਪ ਰਾਜਪਾਲ ਵਿਨੇ ਕੁਮਾਰ ਸਕਸੈਨਾ ਨੇ ਦਿੱਲੀ ਦੀ ਆਬਕਾਰੀ ਨੀਤੀ 2021-22 ਦੇ ਲਾਗੂ ਕਰਨ 'ਚ ਬੇਨਿਯਮੀਆਂ ਦੀ ਸੀ.ਬੀ.ਆਈ. ਜਾਂਚ ਦੀ ਸਿਫਾਰਿਸ਼ ਤੋਂ ਬਾਅਦ ਇਹ ਯੋਜਨਾ ਜਾਂਚ ਦੇ ਦਾਇਰੇ 'ਚ ਆਈ। ਉਨ੍ਹਾਂ ਨੇ ਇਸ ਮਾਮਲੇ 'ਚ 11 ਆਬਕਾਰੀ ਅਧਿਕਾਰੀਆਂ ਨੂੰ ਮੁਅੱਤਲ ਵੀ ਕੀਤਾ ਸੀ।

# ਜੰਡਿਆਲਾ ਅੱਡੇ 'ਤੇ ਗੁੰਡਾਗਰਦੀ, ਤੇਜਧਾਰ ਹਥਿਆਰਾਂ ਨਾਲ ਲੈਸ 2 ਗਰੁੱਪਾਂ ਨੇ ਇਕ-ਦੂਜੇ 'ਤੇ ਕੀਤਾ ਜਾਨਲੇਵਾ ਹਮਲਾ




**ਜਲੰਧਰ/ਸੰਜੇ ਰਾਜਪੂਤ**

ਜੰਡਿਆਲਾ ਅੱਡੇ 'ਤੇ ਤੇਜਧਾਰ ਹਥਿਆਰਾਂ ਨਾਲ ਲੈਸ 30-35 ਨੌਜਵਾਨ ਗੁੰਡਾਗਰਦੀ ਕਰ ਰਹੇ ਸਨ, ਜਿਸ ਦੀ ਸੂਚਨਾ ਮਿਲਦੇ ਹੀ ਜੰਡਿਆਲਾ ਪੁਲਸ ਚੌਂਕੀ ਦੇ ਇੰਚਾਰਜ ਮਹਿੰਦਰ ਸਿੰਘ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ ਅਤੇ ਇਕ ਗਰੁੱਪ ਦੇ 2 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ, ਜਦਕਿ ਇਕ ਹੋਰ ਨੌਜਵਾਨ ਪੁਲਸ ਪਾਰਟੀ ਦੇ ਮੌਕੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ। ਕਾਬੂ ਨੌਜਵਾਨਾਂ ਵੱਲੋਂ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੀ ਗਈ ਕਾਰ ਵੀ ਪੁਲਸ ਨੇ ਕਬਜੇ ਵਿਚ ਲੈ ਲਈ ਹੈ।

ਥਾਣਾ ਸਦਰ ਦੇ ਐੱਸ. ਐੱਚ. ਓ. ਅਜਾਇਬ ਸਿੰਘ ਔਜਲਾ ਨੇ ਦੱਸਿਆ ਕਿ ਕਾਬੂ ਨੌਜਵਾਨਾਂ ਦੀ ਪਛਾਣ ਯੂਸੁਫ ਪੁੱਤਰ ਦਿਲਬਰ ਨਿਵਾਸੀ ਪੱਤੀ ਸਾਨ ਕੀ ਜੰਡਿਆਲਾ (ਜਲੰਧਰ) ਅਤੇ ਆਸਟਿਨ ਪੁੱਤਰ ਐਜਿਕ ਮਸੀਹ ਨਿਵਾਸੀ ਪਿੰਡ ਬੰਬੀਆਂਵਾਲ ਥਾਣਾ ਸਦਰ ਜਲੰਧਰ ਵਜੋਂ ਹੋਈ ਹੈ। ਦੋਵਾਂ ਨੂੰ ਭਲਕੇ ਮਾਣਯੋਗ ਅਦਾਲਤ ਵਿਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਕਿ ਉਨ੍ਹਾਂ ਦੇ ਹੋਰ ਸਾਥੀਆਂ ਅਤੇ ਦੂਜੇ ਗਰੁੱਪ ਦੇ ਲੋਕਾਂ ਨੂੰ ਕਾਬੂ ਕੀਤਾ ਜਾ ਸਕੇ।

ਐੱਸ. ਐੱਚ. ਓ. ਔਜਲਾ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਜੰਡਿਆਲਾ ਅੱਡੇ 'ਤੇ 2 ਗਰੁੱਪਾਂ (ਯੂਸੁਫ ਅਤੇ ਮਨਜੀਤ ਸਿੰਘ ਮਨੀ ਭਾਪਾ) ਵਿਚਕਾਰ ਗੁੰਡਾਗਰਦੀ ਹੋ ਰਹੀ ਹੈ ਅਤੇ ਉਨ੍ਹਾਂ ਕੋਲ ਹਥਿਆਰ ਵੀ ਹਨ। ਇਸ ਸੂਚਨਾ 'ਤੇ ਜੰਡਿਆਲਾ ਪੁਲਸ ਚੌਂਕੀ ਦੇ ਇੰਚਾਰਜ ਮਹਿੰਦਰ ਸਿੰਘ ਜੰਡਿਆਲਾ ਅੱਡੇ 'ਤੇ ਪਹੁੰਚੇ ਅਤੇ ਜਾਂਚ ਤੋਂ ਬਾਅਦ ਦੋਵਾਂ ਗਰੁੱਪਾਂ ਦੇ ਲੋਕਾਂ ਖ਼ਿਲਾਫ ਥਾਣਾ ਸਦਰ ਵਿਚ ਆਈ. ਪੀ. ਸੀ. ਦੀ ਧਾਰਾ 302, 148, 149, 120-ਬੀ ਅਤੇ 25/27-54-59 ਆਰਮਜ ਐਕਟ ਤਹਿਤ 156 ਨੰਬਰ ਐੱਫ. ਆਈ. ਆਰ. ਦਰਜ ਕਰ ਲਈ ਹੈ। ਦੋਵਾਂ ਗਰੁੱਪਾਂ ਦੇ ਫਰਾਰ ਮੁਲਜਮਾਂ ਦੀ ਗ੍ਰਿਫਤਾਰੀ ਲਈ ਰੇਡ ਕੀਤੀ ਜਾ ਰਹੀ ਹੈ।

# ਐਕਸਾਈਜ ਦੀਆਂ 2 ਟੀਮਾਂ ਨੇ 7 ਥਾਵਾਂ 'ਤੇ ਕੀਤੀ ਛਾਪੇਮਾਰੀ



**ਜਲੰਧਰ/ਸੰਜੇ ਰਾਜਪੂਤ:** ਤਿਉਹਾਰਾਂ ਦੇ ਸੀਜਨ 'ਚ ਸ਼ਰਾਬ ਦੀ ਮੰਗ ਵੱਧ ਜਾਂਦੀ ਹੈ, ਜਿਸ ਕਾਰਨ ਨਾਜਾਇਜ ਸ਼ਰਾਬ ਬਣਾਉਣ ਦੇ ਕੰਮ ਵਿਚ ਤੇਜੀ ਆ ਜਾਂਦੀ ਹੈ। ਇਸ ਨਾਜਾਇਜ ਧੰਦੇ ਦੀ ਨਕੇਲ ਕੱਸਣ ਲਈ ਐਕਸਾਈਜ ਵਿਭਾਗ ਸਰਗਰਮ ਹੋ ਚੁੱਕਿਆ ਹੈ। ਇਸੇ ਲੜੀ ਤਹਿਤ ਨਾਜਾਇਜ ਸ਼ਰਾਬ ਬਣਾਉਣ ਵਾਲਿਆਂ 'ਤੇ ਐਕਸਾਈਜ ਵਿਭਾਗ ਨੇ ਅੱਜ ਵੱਡੀ ਕਾਰਵਾਈ ਨੂੰ ਅੰਜਾਮ ਦਿੰਦਿਆਂ 2 ਇਲਾਕਿਆਂ ਦੀਆਂ 7 ਥਾਵਾਂ 'ਤੇ ਛਾਪੇਮਾਰੀ ਕਰ ਕੇ 53000 ਲੀਟਰ ਨਾਜਾਇਜ ਸ਼ਰਾਬ (ਲਾਹਣ) ਬਰਾਮਦ ਕੀਤੀ। ਇਸ ਦੌਰਾਨ ਇਕ ਥਾਂ 'ਤੇ ਚਾਲੂ ਭੱਠੀ ਵੀ ਫੜੀ ਗਈ। ਬਰਾਮਦ ਕੀਤੀ ਗਈ ਸ਼ਰਾਬ ਨੂੰ ਮੌਕੇ 'ਤੇ ਨਸ਼ਟ ਕਰਵਾ ਦਿੱਤਾ ਗਿਆ। ਤਕਰੀਬਨ 9 ਘੰਟੇ ਚੱਲੀ ਇਸ ਕਾਰਵਾਈ ਦੌਰਾਨ ਵਿਕਰੀ ਲਈ ਤਿਆਰ ਕਰ ਕੇ ਰੱਖੀਆਂ 190 ਬੋਤਲਾਂ ਵੀ ਫੜੀਆਂ ਗਈਆਂ ਹਨ। ਇਸ ਤੋਂ ਇਲਾਵਾ ਨਾਜਾਇਜ ਸ਼ਰਾਬ ਬਣਾਉਣ ਲਈ ਵਰਤੇ ਜਾਂਦੇ 3 ਵੱਡੇ ਭਾਂਡੇ, 4 ਵੱਡੇ ਲੋਹੇ ਦੇ ਡਰੰਮ ਅਤੇ ਟਿਊਬਾਂ ਨੂੰ ਜਬਤ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਐਕਸਾਈਜ ਰਾਜਪਾਲ ਸਿੰਘ ਖਹਿਰਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵੈਸਟ ਦੇ ਅਸਿਸਟੈਂਟ ਕਮਿਸ਼ਨਰ ਰਣਜੀਤ ਸਿੰਘ ਨੇ 2 ਟੀਮਾਂ ਦਾ ਗਠਨ ਕੀਤਾ। ਐਕਸਾਈਜ ਅਫਸਰ ਜਸਪ੍ਰੀਤ ਸਿੰਘ ਦੀ ਪ੍ਰਧਾਨਗੀ ਵਿਚ ਬਣਾਈਆਂ ਗਈਆਂ ਟੀਮਾਂ ਵਿਚ ਇੰਸ. ਰੇਸ਼ਮ ਮਾਹੀ ਅਤੇ ਰਵਿੰਦਰ ਸਿੰਘ ਨੂੰ ਪੁਲਸ ਪਾਰਟੀ ਨਾਲ ਸਤਲੁਜ ਦਰਿਆ ਦੇ ਨਾਲ ਲੱਗਦੇ ਇਲਾਕਿਆਂ ਵਿਚ ਸਵੇਰ ਸਮੇਂ ਰਵਾਨਾ ਕੀਤਾ ਗਿਆ। ਦੋਵਾਂ ਟੀਮਾਂ ਵੱਲੋਂ ਸਤਲੁਜ ਦਰਿਆ ਦੇ ਨਾਲ ਲੱਗਦੇ ਨਕੋਦਰ-ਨੂਰਮਹਿਲ ਅਤੇ ਸ਼ਾਹਕੋਟ ਸਰਕਟ ਦੇ 7 ਇਲਾਕਿਆਂ ਵਿਚ ਰੇਡ ਕੀਤੀ ਗਈ। ਸਵੇਰ ਤੋਂ ਸ਼ੁਰੂ ਹੋਈ ਇਸ ਕਾਰਵਾਈ ਦੌਰਾਨ ਟੀਮ ਸਭ ਤੋਂ ਪਹਿਲਾਂ ਪਿੰਡ ਭੋਡੇ, ਸੰਗੋਵਾਲ, ਬੁਰਜ, ਢਕਾਰਾ, ਭੋਟੇ ਦੀਆਂ ਛੰਨਾਂ ਵਿਚ ਪਹੁੰਚੀ, ਜਿੱਥੋਂ ਇਕ ਚਾਲੂ ਭੱਠੀ ਫੜੀ ਗਈ।

# ਨਰੇਸ਼ ਡੋਗਰਾ ਨੇ ਪੰਜਾਬ ਦੇ ਨੂੰ ਦਿੱਤੀ ਸ਼ਿਕਾਇਤ



**ਜਲੰਧਰ/ਜਾਗ੍ਰਿਤੀ ਬਿਊਰੋ** : ਡੀ. ਸੀ. ਪੀ. ਨਰੇਸ ਡੋਗਰਾ ਨੇ ਪੰਜਾਬ ਦੇ ਡੀ. ਜੀ. ਪੀ. ਨੂੰ ਲਿਖਤੀ ਸ਼ਿਕਾਇਤ ਦੇ ਦਿੱਤੀ ਹੈ । ਪੰਜਾਬ ਪੁਲਸ 'ਚ ਲੰਮਾ ਸਮਾਂ ਸੇਵਾ ਨਿਭਾ ਚੁੱਕੇ ਡੀ. ਸੀ. ਪੀ. ਨਰੇਸ ਡੋਗਰਾ ਦਾ ਕਹਿਣਾ ਹੈ ਕਿ ਉਹ ਆਪਣੇ ਨਾਲ ਨਾਜਾਇਜ ਨਹੀਂ ਹੋਣ ਦੇਣਗੇ। ਉਨ੍ਹਾਂ ਨੇ ਸ਼ਿਕਾਇਤ ਕਰਦਿਆਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਬਦਨਾਮ ਕਰਨ ਵਾਲਿਆਂ ਖ਼ਿਲਾਫ ਕੇਸ ਦਰਜ ਕੀਤਾ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਹੁਸ਼ਿਆਰਪੁਰ ਦੇ ਰਹਿਣ ਵਾਲੇ ਜੋੜੇ ਨੇ ਬੀਤੇ ਦਿਨ ਜਲੰਧਰ 'ਚ ਪ੍ਰੈੱਸ ਕਾਨਫਰੰਸ ਕੀਤੀ ਸੀ। ਉਨ੍ਹਾਂ ਨੇ ਨਰੇਸ ਡੋਗਰਾ ਦਾ ਨਾਂ ਲੈਂਦਿਆਂ ਵਿਵਾਦਿਤ ਬਿਆਨ ਦਿੱਤਾ। ਪਤੀ-ਪਤਨੀ ਨੇ ਦੱਸਿਆ ਕਿ ਨਰੇਸ ਡੋਗਰਾ ਨੇ ਹੁਸ਼ਿਆਰਪੁਰ ਆ ਕੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਅਤੇ ਦੁਕਾਨ ਖਾਲੀ ਕਰਨ ਲਈ ਵੀ ਮਜਬੂਰ ਕੀਤਾ। ਡੀ. ਸੀ. ਪੀ. ਨਰੇਸ ਡੋਗਰਾ ਨੇ ਇਨ੍ਹਾਂ ਸਾਰੇ ਦੋਸਾਂ ਨੂੰ ਬੇਬੁਨਿਆਦ ਦੱਸਿਆ ਹੈ। ਇਸ ਕਾਰਨ ਉਨ੍ਹਾਂ ਡੀ.ਜੀ.ਪੀ. ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕਰਕੇ ਝੂਠੀ ਪ੍ਰੈੱਸ ਕਾਨਫਰੰਸ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਜੋੜੇ ਨੂੰ ਪਹਿਲਾਂ ਕਦੇ ਨਹੀਂ ਦੇਖਿਆ, ਸਹਿਰ 'ਚ ਉਨ੍ਹਾਂ ਦਾ ਨਾਂ ਬਦਨਾਮ ਕਰਨ ਲਈ ਹੀ ਅਜਿਹਾ ਕੀਤਾ ਜਾ ਰਿਹਾ ਹੈ।

# ਬਲਾਚੌਰ 'ਚ ਸ਼ਰਾਬ ਦੇ ਠੇਕਿਆਂ 'ਤੇ ਵੱਡੇ ਪੱਧਰ 'ਤੇ ਸਰਕਾਰ ਤੇ ਲੋਕਾਂ ਨੂੰ ਲੱਗ ਰਿਹਾ ਚੂਨਾ

**ਬਲਾਚੌਰ/ਜਾਗ੍ਰਿਤੀ ਬਿਊਰੋ**

ਬਲਾਚੌਰ ਇਲਾਕੇ ਵਿੱਚ ਸ਼ਰਾਬ ਦੇ ਠੇਕਿਆਂ ਤੋਂ ਖਰੀਦਦਾਰਾਂ ਨੂੰ ਸ਼ਰਾਬ ਵਿਕਰੇਤਾ ਮਨਮਰਜ਼ੀ ਦੇ ਮੁੱਲ ਵਿੱਚ ਵੇਚ ਰਹੇ ਹਨ। ਇਕੱਤਰ ਕੀਤੇ ਅੰਕੜਿਆਂ ਅਨੁਸਾਰ ਸ਼ਰਾਬ ਵਿਕਰੇਤਾ ਕਿਸੇ ਨੂੰ ਵੀ ਕੋਈ ਬਿੱਲ ਵੀ ਨਹੀਂ ਦਿੰਦੇ। ਇਸ ਬਾਰੇ ਇਕ ਪ੍ਰਤੀਨਿਧੀ ਨੂੰ ਕੁਝ ਸਬੂਤ ਵਿਖਾਉਂਦੇ ਹੋਏ ਰਾਜ ਸਿੰਘ ਸੁਰਿੰਦਰ ਸਿੰਘ ਜਲਵੰਤ ਆਦਿ ਨੇ ਦੱਸਿਆ ਕਿ ਕਦੇ ਬੋਤਲ ਦੇਸੀ ਦੀ 300 ਦੀ ਵਿਕਦੀ ਹੈ ਕਦੇ 350 ਦੀ। ਉਨ੍ਹਾਂ ਦੱਸਿਆ ਕਿ ਜੈਨਪੁਰ, ਮਜਾਰੀ, ਬਲਾਚੌਰ ਆਦਿ ਬਹੁਤ ਸਾਰੇ ਠੇਕਿਆਂ 'ਤੇ ਜੋ ਸ਼ਰਾਬ ਵਿਕਦੀ ਜੇਕਰ ਉਸ ਦਾ ਸੈਂਪਲ ਭਰਿਆ ਜਾਵੇ ਤਾਂ ਵੱਡੇ ਪੱਧਰ 'ਤੇ ਮਿਲਾਵਟ ਆਵੇਗੀ।



ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਨੇ ਬਹੁਤ ਜਿੰਮੇਵਾਰ ਲੋਕਾਂ ਨੂੰ ਦੱਸਿਆ ਕਿਸੇ ਨੇ ਵੀ ਆਮ ਲੋਕਾਂ ਦੀ ਨਹੀਂ ਸੁਣੀ ਸਗੋਂ ਠੇਕੇਦਾਰਾਂ ਦਾ ਪੱਖ ਲਿਆ ਜਾ ਰਿਹਾ ਹੈ। ਇਕ ਵੀ ਠੇਕਾ ਕਾਨੂੰਨ ਦੀ ਪਾਲਣਾ ਨਹੀਂ ਕਰਦਾ ਸਗੋਂ ਲੋਕਾਂ ਦੀ ਜੇਬ ਅਤੇ ਸਰਕਾਰੀ ਖਜ਼ਾਨੇ ਨੂੰ ਵੱਡੀ ਪੱਧਰ 'ਤੇ ਚੂਨਾ ਲਗਾ ਰਹੇ ਹਨ।

ਇਸ ਬਾਰੇ ਜਦੋਂ ਪੱਤਰਕਾਰਾਂ ਨੇ ਐਕਸਾਈਜ਼ ਵਿਭਾਗ ਨਾਲ ਸੰਪਰਕ ਕਰਨਾ ਚਾਹਿਆ ਤਾਂ ਉਨ੍ਹਾਂ ਨਾਲ ਹੋ ਨਹੀਂ ਸਕਿਆ। ਸ਼ਰਾਬ ਖਰੀਦਣ ਵਾਲਿਆਂ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਇਸ ਦੀ ਸ਼ਿਕਾਇਤ ਭੇਜ ਚੁੱਕੇ ਹਨ। ਉਨ੍ਹਾਂ ਇਸ ਦੀ ਨਕਲ ਵੀ 'ਜਗ ਬਾਣੀ' ਨੂੰ ਵਿਖਾਈ। ਜਦੋਂ ਇਸ ਵਾਰੇ ਇਕ ਠੇਕੇਦਾਰ ਦੇ ਇਕ ਕਰਿੰਦੇ ਨੂੰ ਪੁੱਛਿਆ ਤਾਂ ਉਹ ਦੱਬਵੀਂ ਆਵਾਜ ਵਿਚ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਉਪਰੋਕਤ ਨੂੰ ਸੱਚ ਦੱਸਦਾ ਸੀ। ਲੋਕਾਂ ਦੀ ਮੰਗ ਹੈ ਸ਼ਰਾਬ ਦੀ ਵਿਕਰੀ ਅਤੇ ਗੁਣਵੱਤਾ ਵਿੱਚ ਹੁੰਦੀ ਵੱਡੀ ਪੱਧਰ 'ਤੇ ਹੇਰਾਫੇਰੀ ਦੀ ਸਰਕਾਰ ਜਾਂਚ ਕਰਵਾਏ। ਨਹੀਂ ਤਾਂ ਇਸ ਘਟੀਆ ਦਰਜੇ ਦੀ ਸ਼ਰਾਬ ਨਾਲ ਕੋਈ ਵੱਡਾ ਦੁਖਾਂਤ ਵਾਪਰ ਸਕਦਾ।

# ਕੈਨੇਡਾ ਭੇਜਣ ਦੇ ਸੁਫਨੇ ਵਿਖਾ ਕੇ ਡ੍ਰੀਮ ਕੈਸਟਿਲ ਦੇ ਏਜੰਟ ਨੇ ਮਾਰੀ ਲੱਖਾਂ ਦੀ ਠੱਗੀ

**ਜਲੰਧਰ/ਸੰਜੇ ਰਾਜਪੂਤ**

ਪੰਜਾਬ ਪੁਲਸ ਦੇ ਇੰਸਪੈਕਟਰ ਦੇ ਬੇਟੇ ਨੂੰ ਕੈਨੇਡਾ ਭੇਜਣ ਦਾ ਸੁਫਨਾ ਵਿਖਾ ਕੇ ਠੱਗੀ ਮਾਰ ਕੇ ਡ੍ਰੀਮ ਕੈਸਟਿਲ ਦਾ ਮਾਲਕ ਦਫਤਰ ਬੰਦ ਕਰਕੇ ਫਰਾਰ ਹੋ ਗਿਆ। ਇੰਸਪੈਕਟਰ ਦੀ ਸ਼ਿਕਾਇਤ 'ਤੇ ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਟਰੈਵਲ ਏਜੰਟ ਸੁਖਦੇਵ ਸਿੰਘ ਪੁੱਤਰ ਬਲਦੇਵ ਸਿੰਘ ਨਿਵਾਸੀ ਖੁਰਲਾ ਕਿੰਗਰਾ ਖ਼ਿਲਾਫ ਕੇਸ ਦਰਜ ਕਰਕੇ ਉਸ ਦੀ ਭਾਲ ਵਿਚ ਰੇਡ ਸ਼ੁਰੂ ਕਰ ਦਿੱਤੀ ਹੈ।




ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਇੰਸ. ਸੁਖਵਿੰਦਰ ਸਿੰਘ ਨਿਵਾਸੀ ਸੰਨੀ ਪ੍ਰਾਈਮ ਐਨਕਲੇਵ ਰਾਮਾ ਮੰਡੀ ਨੇ ਦੱਸਿਆ ਕਿ ਜਨਵਰੀ 2020 ਨੂੰ ਉਸ ਨੇ ਆਪਣੇ ਬੇਟੇ ਨੂੰ ਕੈਨੇਡਾ ਭੇਜਣ ਲਈ ਸਿਵਲ ਲਾਈਨ ਮੋਹਨ ਪੈਲੇਸ ਨਜਦੀਕ ਸਥਿਤ ਡ੍ਰੀਮ ਕੈਸਟਿਲ ਦੇ ਏਜੰਟ ਸੁਖਦੇਵ ਸਿੰਘ ਨਾਲ ਸੰਪਰਕ ਕੀਤਾ ਸੀ। ਉਸ ਨੇ ਉਨ੍ਹਾਂ ਨੂੰ ਝਾਂਸੇ ਵਿਚ ਲੈ ਕੇ ਕਿਹਾ ਕਿ ਉਹ ਕਈ ਲੋਕਾਂ ਨੂੰ ਵਿਦੇਸ਼ ਭੇਜ ਚੁੱਕਾ ਹੈ ਅਤੇ ਉਨ੍ਹਾਂ ਦੇ ਬੇਟੇ ਨੂੰ ਵੀ 3 ਮਹੀਨਿਆਂ ਵਿਚ ਕੈਨੇਡਾ ਭੇਜ ਦੇਵੇਗਾ। ਉਸ ਨੇ ਕੈਨੇਡਾ ਭੇਜਣ ਲਈ ਇੰਸਪੈਕਟਰ ਦਾ 12 ਲੱਖ ਰੁਪਏ ਖਰਚ ਆਉਣ ਦੀ ਗੱਲ ਕਹੀ, ਜਦਕਿ ਐਡਵਾਂਸ 'ਚ ਢਾਈ ਲੱਖ ਰੁਪਏ, ਪਾਸਪੋਰਟ ਅਤੇ ਹੋਰ ਦਸਤਾਵੇਜ ਮੰਗੇ।

ਉਨ੍ਹਾਂ ਪਹਿਲਾਂ ਏਜੰਟ ਸੁਖਦੇਵ ਸਿੰਘ ਨੂੰ ਪਾਸਪੋਰਟ, ਦਸਤਾਵੇਜ ਅਤੇ 10 ਹਜਾਰ ਰੁਪਏ ਕੈਸ਼ ਅਤੇ 35 ਹਜਾਰ ਰੁਪਏ ਬੈਂਕ ਅਕਾਊਂਟ ਵਿਚ ਟਰਾਂਸਫਰ ਕਰ ਦਿੱਤੇ। ਏਜੰਟ ਨੇ ਫੋਨ ਕਰਕੇ ਕਿਹਾ ਕਿ ਉਨ੍ਹਾਂ ਦਾ ਕੰਮ ਹੋ ਰਿਹਾ ਹੈ ਅਤੇ ਉਹ ਬੇਟੇ ਦੀ ਇੰਸ਼ੋਰੈਂਸ 'ਚ 28 ਹਜਾਰ ਰੁਪਏ ਹੋਰ ਟਰਾਂਸਫਰ ਕਰ ਦੇਣ। ਇੰਸਪੈਕਟਰ ਨੇ ਏਜੰਟ ਦੇ ਕਹਿਣ 'ਤੇ 28 ਹਜਾਰ ਰੁਪਏ ਵੀ ਟਰਾਂਸਫਰ ਕਰ ਦਿੱਤੇ ਪਰ ਕਾਫੀ ਲੰਮਾ ਸਮਾਂ ਬੀਤਣ ਤੋਂ ਬਾਅਦ ਏਜੰਟ ਨੇ ਉਨ੍ਹਾਂ ਨਾਲ ਸੰਪਰਕ ਕਰਨਾ ਬੰਦ ਕਰ ਦਿੱਤਾ। ਇੰਸਪੈਕਟਰ ਨੇ ਜਦੋਂ ਏਜੰਟ ਨੂੰ ਫੋਨ ਕਰਨੇ ਸ਼ੁਰੂ ਕੀਤੇ ਤਾਂ ਉਸ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ ਅਤੇ ਬਾਅਦ ਵਿਚ ਮੋਬਾਇਲ ਵੀ ਬੰਦ ਕਰ ਦਿੱਤਾ।

ਸ਼ਿਕਾਇਤਕਰਤਾ ਜਦੋਂ ਏਜੰਟ ਦੇ ਦਫਤਰ ਪਹੁੰਚੇ ਤਾਂ ਪਤਾ ਲੱਗਾ ਕਿ ਏਜੰਟ ਸੁਖਦੇਵ ਸਿੰਘ ਕਈ ਲੋਕਾਂ ਨਾਲ ਠੱਗੀ ਮਾਰ ਕੇ ਦਫਤਰ ਬੰਦ ਕਰ ਕੇ ਫਰਾਰ ਹੋ ਗਿਆ ਹੈ। ਇੰਸ. ਸੁਖਵਿੰਦਰ ਸਿੰਘ ਨੇ ਕਿਹਾ ਕਿ ਏਜੰਟ ਨੇ ਉਨ੍ਹਾਂ ਨਾਲ 73 ਹਜਾਰ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਇੰਸਪੈਕਟਰ ਦੀ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਮੁਲਜਮ ਏਜੰਟ ਸੁਖਦੇਵ ਸਿੰਘ ਖ਼ਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਲਿਆ। ਪੁਲਸ ਜਦੋਂ ਉਸਦੇ ਖੁਰਲਾ ਕਿੰਗਰਾ ਸਥਿਤ ਘਰ ਪਹੁੰਚੀ ਤਾਂ ਪਤਾ ਲੱਗਾ ਕਿ ਏਜੰਟ ਦੇ ਪਰਿਵਾਰਕ ਮੈਂਬਰਾਂ ਨੇ 2003 ਵਿਚ ਹੀ ਉਸਨੂੰ ਬੇਦਖਲ ਕਰ ਦਿੱਤਾ ਸੀ। ਉਹ ਆਪਣੀ ਪਤਨੀ ਨਾਲ ਕਿਰਾਏ ਦੇ ਦਫਤਰ 'ਚ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗਦਾ ਸੀ। ਫਿਲਹਾਲ ਮੁਲਜਮ ਦੀ ਭਾਲ ਕੀਤੀ ਜਾ ਰਹੀ ਹੈ।

# ਜਲੰਧਰ ਵਿਖੇ ਪੁਲਸ ਹਿਰਾਸਤ 'ਚੋਂ ਰਾਤ ਨੂੰ ਫਰਾਰ ਹੋਈ ਕੁੜੀ, ਕੁਝ ਘੰਟਿਆਂ ਬਾਅਦ ਅੰਮ੍ਰਿਤਸਰ ਤੋਂ ਕੀਤਾ ਕਾਬੂ



**ਨਕੋਦਰ/ਜਾਗ੍ਰਿਤੀ ਬਿਊਰੋ** ਸਿਟੀ ਪੁਲਸ ਵੱਲੋਂ ਇਕ ਵਕੀਲ ਨੂੰ ਬਲੈਕਮੇਲ ਕਰਨ ਦੇ ਮਾਮਲੇ 'ਚ ਗ੍ਰਿਫਤਾਰ ਕੀਤੀ ਕੁੜੀ ਪੁਲਸ ਨੂੰ ਚਕਮਾ ਦੇ ਕੇ ਰਾਤ ਨੂੰ ਫ਼ਰਾਰ ਹੋ ਗਈ। ਉਧਰ ਪੁਲਸ ਹਿਰਾਸਤ 'ਚੋਂ ਲੜਕੀ ਫ਼ਰਾਰ ਹੋਣ ਦੀ ਘਟਨਾ ਨਾਲ ਸਿਟੀ ਪੁਲਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਸਿਟੀ ਥਾਣਾ ਮੁਖੀ ਬਿਸ਼ਨ ਸਿੰਘ ਨੇ ਵੱਖ-ਵੱਖ ਪਾਰਟੀਆਂ ਬਣਾ ਕੇ ਕੀਤੀ ਛਾਪੇਮਾਰੀ ਦੌਰਾਨ ਕੁੜੀ ਨੂੰ ਕੁਝ ਘੰਟਿਆਂ ਬਾਅਦ ਹੀ ਗ੍ਰਿਫਤਾਰ ਕਰਕੇ ਪੁਲਸ ਨੇ ਸੁਖ ਦਾ ਸਾਹ ਲਿਆ। ਸਿਟੀ ਥਾਣਾ ਮੁਖੀ ਬਿਸ਼ਨ ਸਿੰਘ ਨੇ ਦੱਸਿਆ ਕਿ ਨਕੋਦਰ ਦੇ ਇਕ ਵਕੀਲ ਨੂੰ ਮਨਪ੍ਰੀਤ ਕੌਰ ਪੁੱਤਰੀ ਜਸਵਿੰਦਰ ਸਿੰਘ ਵਾਸੀ ਸਰਕਪੁਰ ਅਤੇ ਉਸ ਦੇ ਸਾਥੀ ਜਸਪ੍ਰੀਤ ਸਿੰਘ ਜੱਸਾ ਨੇ ਰਲ ਕੇ ਚਾਕੂ ਦੀ ਨੋਕ 'ਤੇ ਅਸਲੀਲ ਵੀਡੀਓ ਧੱਕੇ ਨਾਲ ਬਣਾ ਕੇ ਵੀਡੀਓ ਵਾਇਰਲ ਕਰਨ, ਪਰਿਵਾਰ ਨੂੰ ਜਾਨੋਂ ਮਾਰਨ ਅਤੇ ਰੇਪ ਦੇ ਝੂਠੇ ਕੇਸ ਵਿਚ ਵਸਾਉਣ ਦੀ ਧਮਕੀ ਦੇ ਕੇ ਬਲੈਕ ਮੇਲ ਕਰ ਕੇ ਕਰੀਬ 8 ਲੱਖ ਰੁਪਏ ਵਸੂਲੇ ਸਨ। ਸਿਟੀ ਥਾਣੇ 'ਚ ਵਕੀਲ ਦੀ ਸ਼ਿਕਾਇਤ 'ਤੇ ਜਸਪ੍ਰੀਤ ਸਿੰਘ ਜੱਸਾ ਅਤੇ ਮਨਪ੍ਰੀਤ ਕੌਰ ਪੁੱਤਰੀ ਜਸਵਿੰਦਰ ਵਾਸੀ ਪਿੰਡ ਸ਼ਰਕਪੁਰ ਨਕੋਦਰ ਖ਼ਿਲਾਫ਼ ਬੀਤੀ 6 ਫਰਵਰੀ 2021 ਨੂੰ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਹੋਇਆ ਸੀ। ਉਕਤ ਮਾਮਲੇ 'ਚ ਮਨਪ੍ਰੀਤ ਕੌਰ ਭਗੌੜੀ ਸੀ, ਜਿਸ ਨੂੰ ਸਿਟੀ ਪੁਲਸ ਵੱਲੋਂ ਬੀਤੀ 4 ਅਕਤੂਬਰ 2 ਨੂੰ ਗ੍ਰਿਫਤਾਰ ਕਰ ਕੇ ਰਿਮਾਂਡ ਲਿਆ ਸੀ ਪਰ ਮੁਲਜਮ ਮਨਪ੍ਰੀਤ ਕੌਰ ਬੀਤੀ ਰਾਤ ਪੁਲਸ ਹਿਰਾਸਤ 'ਚੋਂ ਫ਼ਰਾਰ ਹੋ ਗਈ ਸੀ। ਸਿਟੀ ਥਾਣਾ ਮੁਖੀ ਬਿਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਹਿਰਾਸਤ 'ਚੋਂ ਫ਼ਰਾਰ ਮੁਲਜ਼ਮ ਮਨਪ੍ਰੀਤ ਕੌਰ ਨੂੰ ਫੜਨ ਲਈ ਪੁਲਸ ਦੀਆਂ ਵੱਖ-ਵੱਖ ਪਾਰਟੀਆਂ ਬਣਾ ਕੇ ਛਾਪੇਮਾਰੀ ਕੀਤੀ ਤਾਂ ਪੁਲਸ ਪਾਰਟੀ ਨੇ ਮੁਲਜ਼ਮ ਮਨਪ੍ਰੀਤ ਕੌਰ ਨੂੰ ਕੁਝ ਘੰਟਿਆਂ ਬਾਅਦ ਅੰਮ੍ਰਿਤਸਰ ਤੋਂ ਕਾਬੂ ਕਰ ਲਿਆ ਗਿਆ ।

# ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਦਾ ਅਹਿਮ ਬਿਆਨ, ਮਨਰੇਗਾ ਤਹਿਤ ਵੀ ਇਕੱਠੀ ਕੀਤੀ ਜਾਵੇਗੀ ਪਰਾਲੀ

**ਅਜਨਾਲਾ/ਜਾਗ੍ਰਿਤੀ ਬਿਊਰੋ**

ਸਰਕਾਰਾਂ ਵੱਲੋਂ ਲਗਾਤਾਰ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਉਨ੍ਹਾਂ ਦੀ ਸਹਾਇਤਾ ਕਰਨ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦਿਸ਼ਾ ਵਿਚ ਇਕ ਹੋਰ ਕਦਮ ਚੁੱਕਦਿਆਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਹੈ ਕਿ ਹੁਣ ਮਨਰੇਗਾ ਤਹਿਤ ਵੀ ਪਰਾਲੀ ਇਕੱਠੀ ਕੀਤੀ ਜਾਵੇਗੀ। ਉਹ ਹਾੜੀ ਦੀਆਂ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਅਜਨਾਲਾ ਵਿਖੇ ਲਗਾਏ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀ ਨੂੰ ਸੰਬੋਧਨ ਕਰ ਰਹੇ ਸਨ।



ਇਸ ਦੌਰਾਨ ਕੈਬਨਿਟ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਖੇਤਾਂ ਨੂੰ ਬੰਜਰ ਨਾ ਕਰਨ ਸਗੋਂ ਇਹ ਰਹਿੰਦ-ਖੂੰਹਦ ਖੇਤ ਵਿਚ ਵਾਹ ਕੇ ਖੇਤ ਦੀ ਉਪਜਾਊ ਸ਼ਕਤੀ ਵਧਾਉਣ। ਉਨ੍ਹਾਂ ਕਿਹਾ ਕਿ ਇਸ ਵਾਰ ਅਸੀਂ ਮਨਰੇਗਾ ਤਹਿਤ ਵੀ ਪਰਾਲੀ ਇਕੱਠੀ ਕਰਨ ਦਾ ਕੰਮ ਕਰਾਂਗੇ, ਤਾਂ ਜੋ ਕਿਸਾਨਾਂ ਦੀ ਬਾਂਹ ਫੜੀ ਜਾ ਸਕੇ। ਧਾਲੀਵਾਲ ਨੇ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ 'ਚੋਂ ਨਿਕਲ ਕੇ ਨਗਦੀ ਵਾਲੀਆਂ ਫ਼ਸਲਾਂ ਬੀਜਣ ਦੀ ਸਲਾਹ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਮਾਨ ਸਰਕਾਰ ਹਰ ਵੇਲੇ ਤੁਹਾਡੇ ਨਾਲ ਹੈ ਅਤੇ ਤੁਸੀਂ ਸਰਕਾਰ ਨਾਲ ਮਿਲ ਕੇ ਪੰਜਾਬ ਨੂੰ ਮੁੜ ਤਰੱਕੀ ਦੇ ਰਸਤੇ 'ਤੇ ਪਾਉ।

ਇਸ ਮੌਕੇ ਸੰਯੁਕਤ ਡਾਇਰੈਕਟਰ ਖੇਤੀਬਾੜੀ ਦਲਜੀਤ ਸਿੰਘ ਗਿੱਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਜਤਿੰਦਰ ਸਿੰਘ ਗਿੱਲ ਨੇ ਜਿ਼ਲ੍ਹੇ ਵਿਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਜ਼ਿਲ੍ਹੇ ਵਿਚ 1.88 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਹੋਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਹਾੜੀ ਸੀਜਨ ਦੌਰਾਨ ਕਿਸਾਨਾਂ ਨੂੰ ਮਿਆਰੀ ਖਾਦ, ਬੀਜ, ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਸਾਨਾਂ ਨੂੰ ਕਣਕ ਅਤੇ ਹੋਰ ਫਸਲਾਂ ਦਾ ਬੀਜ, ਸੋਧ ਕੇ ਬੀਜਣ ਲਈ ਕਿਹਾ ਤਾਂ ਜੋ ਬੀਮਾਰੀਆਂ ਦੇ ਹਮਲੇ ਤੋਂ ਫਸਲਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਇਸ ਮੌਕੇ ਉਨ੍ਹਾਂ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਤਾਂ ਜੋ ਵਾਤਾਵਰਣ ਦੀ ਸ਼ੁੱਧਤਾ ਬਰਕਰਾਰ ਰੱਖੀ ਜਾ ਸਕੇ। ਇਸ ਮੌਕੇ ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ, ਮੱਛੀਪਾਲਣ, ਡੇਅਰੀ, ਭੂਮੀ ਰੱਖਿਆ ਵਿਭਾਗ, ਕੇ.ਵੀ.ਕੇ, ਖਾਦ, ਬੀਜ, ਦਵਾਈਆਂ, ਨਵੀਨਤਮ ਖੇਤੀ ਮਸ਼ੀਨਰੀ ਅਤੇ ਸੈਲਫ ਗਰੁਪਾਂ ਵੱਲੋਂ ਖੇਤੀ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ। ਇਸ ਮੌਕੇ ਉੱਦਮੀ ਕਿਸਾਨਾਂ ਨੂੰ ਮੁੱਖ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ।

## ਕਤਲ ਕੇਸ 'ਚ ਭਗੌੜੇ ਨੂੰ ਫੜਨ ਗਈ ਪੁਲਸ ਨੂੰ ਲੋਕਾਂ ਨੇ ਘੇਰਿਆ, ਹੋਇਆ ਹਾਈ ਵੋਲਟੇਜ ਡਰਾਮਾ



**ਅੰਮ੍ਰਿਤਸਰ/ਜਾਗ੍ਰਿਤੀ ਬਿਊਰੋ:** ਵਿਧਾਨ ਸਭਾ ਹਲਕਾ ਕੇਂਦਰੀ 'ਚ ਉਸ ਸਮੇਂ ਮਾਹੌਲ ਗਰਮਾ ਗਿਆ, ਜਦੋਂ ਇਕ ਕਤਲ ਕੇਸ 'ਚ ਫਰਾਰ ਹੋਏ ਨੌਜਵਾਨ ਨੂੰ ਕਾਬੂ ਕਰਨ ਲਈ ਥਾਣਾ ਕੋਟ ਖਾਲਸਾ ਇਲਾਕੇ 'ਚ ਪੁਲਸ ਪਹੁੰਚੀ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਜਿਸ ਭਗੌੜੇ ਨੌਜਵਾਨ ਦੀ ਉਹ ਭਾਲ ਕਰ ਰਹੇ ਹਨ, ਉਹ ਆਪਣੇ ਹਲਕੇ ਸੈਂਟਰਲ ਡੈਮਗੰਜ ਪਹੁੰਚਿਆ ਹੈ। ਜਦੋਂ ਪੁਲਸ ਉਸ ਨੂੰ ਫੜਨ ਪਹੁੰਚੀ ਤਾਂ ਉਸ ਸਮੇਂ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਪੁਲਸ ਨਾਲ ਬਦਸਲੂਕੀ ਕੀਤੀ ਅਤੇ ਹੱਥੋਪਾਈ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਪੁਲਸ ਨੇ ਨੌਜਵਾਨ ਨੂੰ ਕਾਬੂ ਕਰ ਲਿਆ। ਇਸ ਦੌਰਾਨ ਹਾਈ ਵੋਲਟੇਜ ਡਰਾਮਾ ਵੀ ਦੇਖਣ ਨੂੰ ਮਿਲਿਆ।

## ਇੰਸਟਾਗ੍ਰਾਮ 'ਤੇ ਪ੍ਰੇਸ਼ਾਨ ਕਰਦਾ ਸੀ ਰਿਸ਼ਤੇਦਾਰ ਦਾ ਮੁੰਡਾ, ਵਿਆਹੁਤਾ ਨੇ ਖਾ ਲਿਆ ਜਹਿਰ

**ਗੁਰਦਾਸਪੁਰ/ਜਾਗ੍ਰਿਤੀ ਬਿਊਰੋ**

ਇਕ ਵਿਆਹੁਤਾ ਨੇ ਇਕ ਲੜਕੇ ਵੱਲੋਂ ਉਸ ਦੇ ਇੰਸਟਾਂਗ੍ਰਾਂਮ 'ਤੇ ਤੰਗ ਪ੍ਰੇਸ਼ਾਨ ਕਰਨ ਕਾਰਣ ਜ਼ਹਿਰੀਲੀ ਦਵਾਈ ਖਾ ਕੇ ਆਪਣੀ ਜੀਵਨ ਲੀਲਾ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਮਹਿਲਾ ਦੀ ਹਾਲਤ ਗੰਭੀਰ ਹੋਣ ਕਾਰਣ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਹਸਪਤਾਲ ਰੈਫਰ ਕਰ ਦਿੱਤਾ। ਪੀੜਤਾਂ ਦੇ ਪਤੀ ਬੋਧਰਾਜ ਵਾਸੀ ਜੰਗਲ ਬ੍ਰਾਹਮਣ ਨੇ ਦੱਸਿਆ ਕਿ ਸਾਡੇ ਰਿਸ਼ਤੇਦਾਰਾਂ ਦਾ ਹੀ ਇਕ ਲੜਕਾ ਮੇਰੀ ਪਤਨੀ ਨੂੰ ਕੁਝ ਸਮੇਂ ਤੋਂ ਇੰਸਟਾਗ੍ਰਾਮ 'ਤੇ ਉਲਟੇ ਸਿੱਧੇ ਸੰਦੇਸ਼ ਭੇਜ ਕੇ ਪ੍ਰੇਸ਼ਾਨ ਕਰਦਾ ਸੀ। ਉਹ ਗੁਜਰਾਤ ਵਿਚ ਨੌਕਰੀ ਕਰਦਾ ਹੈ ਅਤੇ ਜਦ ਪਿੰਡ ਵਾਪਸ ਆਇਆ ਤਾਂ ਉਸ ਦੀ ਪਤਨੀ ਨੇ ਮੈਨੂੰ ਸਾਰੀ ਜਾਣਕਾਰੀ ਦਿੱਤੀ। ਜਿਸ 'ਤੇ ਮੈਂ ਉਸ ਲੜਕੇ ਦੇ ਘਰ ਜਾ ਕੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਕਤ ਸਾਡਾ ਰਿਸ਼ਤੇਦਾਰ ਉਸ ਦੇ ਬਾਵਜੂਦ ਬਾਜ ਨਹੀਂ ਆਇਆ।

## ਪਾਕਿਸਤਾਨ ਵੱਲੋਂ ਚੱਲੀ ਗਈ ਇਕ ਹੋਰ ਘਟੀਆ ਚਾਲ, ਮੁੜ ਭਾਰਤੀ ਸਰਹੱਦ 'ਚ ਭੇਜਿਆ ਡ੍ਰੋਨ



**ਖੇਮਕਰਨ/ਜਾਗ੍ਰਿਤੀ ਬਿਊਰੋ**

ਕਸਬਾ ਵਲਟੋਹਾ ਤੋਂ ਹਥਿਆਰ, ਹੈਰੋਇਨ ਅਤੇ ਇਕ ਕਰੋੜ ਤੋਂ ਵੱਧ ਨਕਦੀ ਪ੍ਰਾਪਤ ਹੋਣ ਦਾ ਮਾਮਲਾ ਠੰਡਾ ਵੀ ਨਹੀਂ ਹੋਇਆ ਸੀ ਕਿ ਪਾਕਿਸਤਾਨ ਆਪਣੀ ਘਟੀਆ ਚਾਲ ਚਲਦਿਆਂ ਫਿਰ ਸਿਰ ਉਠਾ ਰਿਹਾ ਹੈ। ਜਿਸ ਦੇ ਚਲਦਿਆ ਪਾਕਿਸਤਾਨ ਵੱਲੋਂ ਬੀ. ਐੱਸ. ਐੱਫ. ਬਟਾਲੀਅਨ 103 ਅਮਰਕੋਟ ਦੇ ਅਧੀਨ ਪੈਂਦੀ ਬੀ. ਓ. ਪੀ. ਪਲੋਪੱਤੀ ਦੇ ਬੀ. ਪੀ. ਨੰਬਰ 145/08ਦੀ ਅਲਾਈਨਮੈਂਟ 'ਤੇ ਇਕ ਵਾਰ ਫਿਰ ਡ੍ਰੋਨ ਤੋਂ ਤਕਰੀਬਨ 8.26 ਵਜੇ ਤੋਂ ਲੈ ਕੇ 8.28 ਮਿੰਟ ਤਕ ਡ੍ਰੋਨ ਦੀ ਆਵਾਜ਼ ਸੁਣੀ, ਜੋ ਲੱਗਭਗ ਦੋ ਮਿੰਟ ਤਕ ਗੂੰਜਦੀ ਰਹੀ।

ਇਸ ਦੌਰਾਨ ਆ ਰਹੀ ਆਵਾਜ਼ ਵੱਲ ਬੀ. ਐੱਸ. ਐੱਫ. ਦੇ ਜਵਾਨਾਂ ਨੇ ਤਿੰਨ ਤੋਂ ਪੰਜ ਰਾਊਂਡ ਫਾਇਰ ਅਤੇ ਦੋ ਈਲੂ ਬੰਬ ਦਾਗੇ। ਇਸ ਦੌਰਾਨ ਠੀਕ 2 ਮਿੰਟ ਬਾਅਦ ਸਰਹੱਦ 'ਤੇ ਆ ਰਹੀ ਆਵਾਜ਼

## ਹਥਿਆਰਾਂ ਦੀ ਤਸਕਰੀ ਕਰਨ ਵਾਲੇ ਤਿੰਨ ਮੁਲਜਮ 1 ਕਰੋੜ ਦੀ ਨਕਦੀ ਸਣੇ ਕਾਬੂ

**ਅੰਮ੍ਰਿਤਸਰ/ਜਾਗ੍ਰਿਤੀ ਬਿਊਰੋ**

ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਸ ਨੇ ਡਰੋਨ ਰਾਹੀਂ ਹਥਿਆਰਾਂ ਤੇ ਗੋਲਾ ਬਾਰੂਦ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਤਿੰਨ ਹੋਰ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਕਾਬੂ ਕੀਤੇ ਮੁਲਜਮਾਂ ਕੋਲੋਂ ਅਤਿ ਆਧੁਨਿਕ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਨਵੀਂ ਖੇਪ ਬਰਾਮਦ ਕੀਤੀ ਹੈ। ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ) ਗੌਰਵ ਯਾਦਵ ਨੇ ਸਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਮਾਡਿਊਲ ਦੇ ਕੁੱਲ ਪੰਜ ਮੈਂਬਰਾਂ ਨੂੰ ਹੁਣ ਤੱਕ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ।

ਫੜੇ ਗਏ ਵਿਅਕਤੀਆਂ ਦੀ ਪਛਾਣ ਸੁਰਿੰਦਰ ਸਿੰਘ ਵਾਸੀ ਪਿੰਡ ਬਰਵਾਲਾ ਜਿ਼ਲ੍ਹਾ ਤਰਨਤਾਰਨ, ਹਰਚੰਦ ਸਿੰਘ ਅਤੇ ਗੁਰਸਾਹਿਬ ਸਿੰਘ ਦੋਵੇਂ ਵਾਸੀ ਵਲਟੋਹਾ ਜਿ਼ਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੇ ਕਬਜੇ 'ਚੋਂ 1.01 ਕਰੋੜ ਰੁਪਏ ਦੀ ਨਕਦੀ, 500 ਗ੍ਰਾਮ ਹੈਰੋਇਨ, 17 ਪਿਸਤੌਲ ਸਮੇਤ 400 ਜਿੰਦਾ ਕਾਰਤੂਸ, ਇਕ ਐਮਪੀ-4 ਰਾਈਫਲ ਸਮੇਤ 300 ਜਿੰਦਾ ਕਾਰਤੂਸ, ਦੋ ਤੋਲਣ ਵਾਲੀਆਂ ਮਸੀਨਾਂ ਅਤੇ ਦੋ ਕਰੰਸੀ ਗਿਣਨ ਵਾਲੀਆਂ ਮਸੀਨਾਂ ਬਰਾਮਦ ਕੀਤੀਆਂ ਹਨ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਦੀ ਪੁਲਸ ਟੀਮ ਨੇ ਇਸ ਮਾਡਿਊਲ ਦੇ ਦੋ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਸ 'ਚ ਇਕ ਮੁਲਜਮ ਜਸਕਰਨ ਸਿੰਘ ਅਤੇ ਉਸ ਦੇ ਸਾਥੀ ਰਤਨਬੀਰ ਸਿੰਘ ਵਜੋਂ ਪਛਾਣ ਕੀਤੀ ਗਈ ਸੀ, ਜਿਨ੍ਹਾਂ ਤੋਂ ਪਿਸਤੌਲਾਂ ਦੀ ਕੁੱਲ ਬਰਾਮਦਗੀ ਨੂੰ ਲੈ ਕੇ ਉਨ੍ਹਾਂ ਦੇ ਟਿਕਾਣਿਆਂ ਤੋਂ 10 ਵਿਦੇਸੀ ਪਿਸਤੌਲ ਬਰਾਮਦ ਕੀਤੇ ਸਨ। ਡੀ.ਜੀ.ਪੀ ਗੌਰਵ ਯਾਦਵ ਨੇ ਦੱਸਿਆ ਕਿ ਜਾਂਚ ਦੌਰਾਨ ਜਸਕਰਨ ਸਿੰਘ ਤੇ ਰਤਨਬੀਰ ਸਿੰਘ ਤੋਂ ਇਹ ਗੱਲ ਸਾਹਮਣੇ ਆਈ ਹੈ।

## ਹਥਿਆਰਾਂ ਦੀ ਛਾਂ ਹੇਠ ਲਾੜੀ ਨੂੰ ਅਗਵਾ ਕਰਨ ਦੇ ਮਾਮਲੇ 'ਚ ਪੁਲਸ ਦੀ ਕਾਰਵਾਈ, ਵਾਰਦਾਤ 'ਚ ਵਰਤੇ ਵਾਹਨ ਬਰਾਮਦ

**ਤਰਨਤਾਰਨ/ਜਾਗ੍ਰਿਤੀ ਬਿਊਰੋ**

ਬੀਤੇ ਵੀਰਵਾਰ ਵਿਆਹ ਤੋਂ ਬਾਅਦ ਖੇਤਾਂ ਵਿਚ ਲਾੜੇ ਨਾਲ ਫੋਟੋਗ੍ਰਾਫੀ ਕਰਵਾ ਰਹੀ ਲਾੜੀ ਨੂੰ ਕਥਿਤ ਪ੍ਰੇਮੀ ਸਮੇਤ ਵਿਅਕਤੀਆਂ ਵਲੋਂ ਬੰਦੂਕ ਦੀ ਨੋਕ 'ਤੇ ਅਗਵਾ ਕਰ ਨਾਲ ਲਿਜਾਣ ਦੇ ਮਾਮਲੇ 'ਚ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਵਾਰਦਾਤ ਵਿਚ ਵਰਤੀ ਕਾਰ ਅਤੇ ਮੋਟਰਸਾਈਕਲ ਨੂੰ ਬਰਾਮਦ ਕਰਨ 'ਚ ਸਫਲਤਾ ਹਾਸਲ ਕਰ ਲਈ ਹੈ, ਜਦਕਿ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਜਸ਼ਨਪ੍ਰੀਤ ਕੌਰ ਪੁੱਤਰੀ ਸਰਬਜੀਤ ਸਿੰਘ ਨਿਵਾਸੀ ਪਿੰਡ ਸੰਘਾ ਦਾ ਵਿਆਹ ਪਿੰਡ ਗੁਲਾਲੀਪੁਰ ਦੇ ਨਿਵਾਸੀ ਕਰਨਬੀਰ ਸਿੰਘ ਪੁੱਤਰ ਪਰਗਟ ਸਿੰਘ ਨਾਲ ਬੀਤੇ ਵੀਰਵਾਰ ਹੋਣ ਉਪਰੰਤ ਜਦੋਂ ਡੋਲੀ ਲੈ ਕੇ ਵਾਪਸ ਪਰਤ ਰਿਹਾ ਸੀ ਤਾਂ ਪਿੰਡ ਰਸੂਲਪੁਰ ਨਹਿਰਾਂ ਨਜ਼ਦੀਕ




ਫੋਟੋਗ੍ਰਾਫਰੀ ਕਰਵਾਉਣ ਲਈ ਰੁਕ ਗਏ। ਇਸ ਦੌਰਾਨ ਦੋ ਇਨੋਵਾ ਕਾਰਾਂ ਅਤੇ ਮੋਟਰਸਾਈਕਲਾਂ ਉੱਪਰ ਸਵਾਰ ਰੋਹਿਤ, ਵਿੱਕੀ ਪੁਤਰਾਨ ਸਾਹਿਬ ਸਿੰਘ, ਗੋਲਡੀ, ਅਰਸ਼ ਪੁੱਤਰਾਨ ਫੱਤਾ ਸਿੰਘ, ਸਾਹਿਬ ਸਿੰਘ ਪੁੱਤਰ ਨੱਥਾ ਸਿੰਘ ਸਾਰੇ ਵਾਸੀਆਨ ਨਬੀਪੁਰ ਪਲਵਿੰਦਰ ਸਿੰਘ ਉਰਫ ਭਿੰਦਾ ਪੁੱਤਰ ਚਰਨ ਸਿੰਘ ਵਾਸੀ ਅਲੀਪੁਰ, ਹੀਰਾ ਸਿੰਘ ਨਿਵਾਸੀ ਚੱਬਾ ਤੋਂ ਇਲਾਵਾ ਪੰਜ ਅਣਪਛਾਤੇ ਵਿਅਕਤੀਆਂ ਅਤੇ ਔਰਤਾਂ ਵਲੋਂ ਹਥਿਆਰਾਂ ਦੀ ਨੋਕ ਉੱਪਰ ਲਾੜੀ ਜਸਪ੍ਰੀਤ ਕੌਰ ਨੂੰ ਅਗਵਾ ਕਰ ਲਿਆ ਗਿਆ।ਇਸ ਦੌਰਾਨ ਮੁਲਜ਼ਮਾਂ ਵਲੋਂ ਗੋਲੀਆਂ ਵੀ ਚਲਾਈਆਂ ਗਈਆਂ ਸਨ। ਇਸ ਬਾਬਤ ਜਸ਼ਨਪ੍ਰੀਤ ਕੌਰ ਦੀ ਮਾਂ ਅਮਰਜੀਤ ਕੌਰ ਦੇ ਬਿਆਨਾਂ ਹੇਠ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਵੱਖ-ਵੱਖ ਧਾਰਾਵਾਂ ਹੇਠ ਉਕਤ ਮੁਲਜ਼ਮਾਂ ਖਿ਼ਲਾਫ ਮਾਮਲਾ ਦਰਜ ਕਰ ਛਾਪੇਮਾਰੀ ਸ਼ੁਰੂ ਕਰ ਦਿੱਤੀ ਸੀ।

ਸੂਤਰਾਂ ਮੁਤਾਬਕ ਰੋਹਿਤ ਨਾਲ ਜਸ਼ਨਪ੍ਰੀਤ ਕੌਰ ਦੇ ਪੁਰਾਣੇ ਦੋਸਤਾਨਾ ਸੰਬੰਧ ਸਨ ਅਤੇ ਰੋਹਿਤ ਜਸ਼ਨਪ੍ਰੀਤ ਕੌਰ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ ਪਰ ਕੁੜੀ ਦੇ ਪਰਿਵਾਰ ਵਲੋਂ ਗੁਲਾਲੀਪੁਰ ਨਿਵਾਸੀ ਕਰਨਬੀਰ ਸਿੰਘ ਜੋ ਫ਼ੌਜ 'ਚ ਨੌਕਰੀ ਕਰਦਾ ਦੱਸਿਆ ਜਾ ਰਿਹਾ ਹੈ ਨਾਲ ਸ਼ਾਦੀ ਤੈਅ ਕਰ ਦਿੱਤੀ ਗਈ, ਜਿਸ ਕਰਕੇ ਉਸ ਵਲੋਂ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਉਧਰ ਥਾਣਾ ਸਦਰ ਤਰਨਤਾਰਨ ਦੇ ਮੁਖੀ ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਕਾਰਵਾਈ ਕਰਦੇ ਹੋਏ ਵਾਰਦਾਤ ਵਿਚ ਵਰਤੀ ਗਈ ਇਨੋਵਾ ਕਾਰ ਅਤੇ ਇਕ ਮੋਟਰਸਾਈਕਲ ਨੂੰ ਬਰਾਮਦ ਕਰ ਲਿਆ ਗਿਆ ਹੈ ਜਦਕਿ ਫ਼ਰਾਰ ਮੁਲਜ਼ਮਾਂ ਸਮੇਤ ਕੁੜੀ ਦੀ ਭਾਲ ਲਈ ਵੱਖ-ਵੱਖ ਟੀਮਾਂ ਰਵਾਨਾ ਹੋ ਚੁੱਕੀਆਂ ਹਨ, ਜਿਨ੍ਹਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

## ਤਿਉਹਾਰੀ ਸੀਜਨ 'ਚ ਸਿਹਤ ਵਿਭਾਗ ਦੀ ਮਿਲਾਵਟਖੋਰਾਂ 'ਤੇ ਰਹੇਗੀ 'ਬਾਜ ਅੱਖ'

**ਅੰਮ੍ਰਿਤਸਰ/ਜਾਗ੍ਰਿਤੀ ਬਿਊਰੋ**

ਤਿਉਹਾਰਾਂ ਦੇ ਸੀਜਨ ਦੇ ਮੱਦੇਨਜ਼ਰ ਸਿਹਤ ਵਿਭਾਗ ਦੀ ਮਿਲਾਵਟਖੋਰਾਂ 'ਤੇ ਬਾਜ਼ ਦੀ ਨਜਰ ਹੈ। ਵਿਭਾਗ ਵੱਲੋਂ ਬਾਹਰੀ ਸੂਬਿਆਂ ਅਤੇ ਜ਼ਿਲ੍ਹਿਆਂ ਤੋਂ ਆਉਣ ਵਾਲੇ ਸਾਮਾਨ ਲਈ ਜ਼ਿਲ੍ਹੇ ਦੀਆਂ ਸਰਹੱਦਾਂ ਨੂੰ ਸੀਲ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸਿੰਘਮ ਵਜੋਂ ਜਾਣੇ ਜਾਂਦੇ ਸਹਾਇਕ ਕਮਿਸ਼ਨਰ ਫੂਡ ਰਜਿੰਦਰਪਾਲ ਸਿੰਘ ਵੱਲੋਂ ਦੇਣ ਰਾਤ ਛਾਪੇਮਾਰੀ ਕਰਨ ਲਈ ਫੂਡ ਸੇਫਟੀ ਅਫਸਰਾਂ ਦੀ ਤਾਇਨਾਤੀ ਕਰ ਦਿੱਤੀ ਹੈ। ਕਮਿਸ਼ਨਰ ਨੇ ਕਿਹਾ ਹੈ ਕਿ ਮਿਲਾਵਟਖੋਰੀ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਜੇਕਰ ਕੋਈ ਵੀ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਏ. ਟੀ. ਐੱਮ. ਕਾਰਡ ਬਦਲ ਕੇ ਖਾਤੇ 'ਚੋਂ ਕਢਵਾਏ ਡੇਢ ਲੱਖ ਰੁਪਏ

**ਚੰਡੀਗੜ੍ਹ/ਜਾਗ੍ਰਿਤੀ ਬਿਊਰੋ**

ਪੈਸੇ ਕਢਵਾਉਣ ਗਏ ਵੇਟਰ ਨੂੰ ਚਕਮਾ ਦੇ ਕੇ 2 ਨੌਜਵਾਨਾਂ ਨੇ ਪੰਜਾਬ ਨੈਸ਼ਨਲ ਬੈਂਕ ਦਾ ਏ. ਟੀ. ਐੱਮ. ਕਾਰਡ ਬਦਲ ਕੇ ਡੇਢ ਲੱਖ ਰੁਪਏ ਕਢਵਾ ਲਏ। ਬੈਂਕ ਤੋਂ ਪੈਸੇ ਕਢਵਾਉਣ ਦਾ ਮੈਸੇਜ ਮਿਲਦਿਆਂ ਹੀ ਵੇਟਰ ਨੇ ਏ. ਟੀ. ਐੱਮ. ਕਾਰਡ ਦੇਖਿਆ ਤਾਂ ਕਾਰਡ ਕਿਸੇ ਹੋਰ ਬੈਂਕ ਦਾ ਸੀ। ਉਸ ਨੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਸੈਕਟਰ-42 ਨਿਵਾਸੀ ਪਰਸ਼ੂਰਾਮ ਦੀ ਸ਼ਿਕਾਇਤ 'ਤੇ ਸੈਕਟਰ-39 ਥਾਣਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ ਧੋਖਾਦੇਹੀ ਅਤੇ ਚੋਰੀ



ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪਰਸ਼ੂਰਾਮ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਪੈਸੇ ਕਢਵਾਉਣ ਲਈ ਪੰਜਾਬ ਨੈਸ਼ਨਲ ਬੈਂਕ ਦੇ ਏ. ਟੀ. ਐੱਮ. ਵਿਚ ਗਿਆ ਸੀ। ਜਦੋਂ ਉਹ ਪੈਸੇ ਕਢਵਾਉਣ ਲੱਗਾ ਤਾਂ ਏ. ਟੀ. ਐੱਮ ਕਾਰਡ ਤੋਂ ਪੈਸੇ ਨਹੀਂ ਨਿਕਲੇ। ਇਸ ਦੌਰਾਨ ਪਿੱਛੇ ਖੜ੍ਹੇ ਨੌਜਵਾਨਾਂ ਨੇ ਉਸ ਨੂੰ ਕਿਹਾ ਕਿ ਉਹ ਪੈਸੇ ਕਢਵਾ ਦੇਣਗੇ। ਪਰਸ਼ੂਰਾਮ ਨੇ ਆਪਣਾ ਏ. ਟੀ. ਐੱਮ. ਕਾਰਡ ਦੋਵਾਂ ਨੌਜਵਾਨਾਂ ਨੂੰ ਦੇ ਦਿੱਤਾ ਅਤੇ ਪਾਸਵਰਡ ਵੀ ਦੱਸਿਆ ਪਰ ਉਕਤ ਨੌਜਵਾਨਾਂ ਨੇ ਵੀ ਪੈਸੇ ਨਹੀਂ ਕੱਢੇ।

ਜਵਾਨਾਂ ਨੇ ਉਸ ਨੂੰ ਏ. ਟੀ. ਐੱਮ. ਮੋੜ ਦਿੱਤਾ ਅਤੇ ਉਹ ਘਰ ਵਾਪਸ ਆ ਗਿਆ। ਕੁੱਝ ਦੇਰ ਬਾਅਦ ਉਸ ਦੇ ਮੋਬਾਇਲ 'ਤੇ ਡੇਢ ਲੱਖ ਰੁਪਏ ਕਢਵਾਉਣ ਦਾ ਮੈਸੇਜ ਆਇਆ। ਉਸ ਨੇ ਜਦੋਂ ਏ. ਟੀ. ਐੱਮ. ਕਾਰਡ ਦੇਖਿਆ ਤਾਂ ਉਹ ਕਿਸੇ ਹੋਰ ਬੈਂਕ ਦਾ ਸੀ। ਪੁਲਸ ਵੱਲੋਂ ਨੌਜਵਾਨਾਂ ਦੀ ਪਛਾਣ ਕਰਨ ਲਈ ਏ. ਟੀ. ਐੱਮ. ਵਿਚ ਲੱਗੇ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਜਲਦ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਸਰਕਾਰੀ ਨੌਕਰੀ ਲਵਾਉਣ ਦਾ ਝਾਂਸਾ, 70 ਲੱਖ ਦੀ ਧੋਖਾਦੇਹੀ

**ਖਰੜ/ਜਾਗ੍ਰਿਤੀ ਬਿਊਰੋ:** ਖਰੜ ਸਦਰ ਪੁਲਸ ਨੇ ਨਿਰਵਾਣਾ (ਹਰਿਆਣਾ) ਦੇ ਵਸਨੀਕ ਰਾਜੇਸ਼ ਕੁਮਾਰ ਦੀ ਸ਼ਿਕਾਇਤ 'ਤੇ 32 ਵਿਅਕਤੀਆਂ ਨੂੰ ਪੰਜਾਬ ਵਿਚ ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਨਾਲ 70 ਲੱਖ ਰੁਪਏ ਦੀ ਧੋਖਾਦੇਹੀ ਕਰਨ ਦੇ ਦੋਸ਼ ਅਧੀਨ ਵਿਜੇ ਕੁਮਾਰ, ਸੁਖਬੀਰ ਕੌਰ, ਅਰਸ਼ਦੀਪ, ਸਤੀਸ਼ ਕੁਮਾਰ ਅਤੇ ਪ੍ਰਭਜੀਤ ਸਿੰਘ ਖ਼ਿਲਾਫ ਕੇਸ ਦਰਜ ਕੀਤਾ ਹੈ। ਪੁਲਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਰਾਜੇਸ਼ ਕੁਮਾਰ ਅਤੇ ਮੁਲਜ਼ਮ ਸਤੀਸ਼ ਕੁਮਾਰ ਇਕੋ ਪਿੰਡ ਦੇ ਨਿਵਾਸੀ ਹਨ। ਸ਼ਿਕਾਇਤਕਰਤਾ ਅਨੁਸਾਰ ਉਸ ਦੀ ਸੁਖਬੀਰ ਕੌਰ ਅਤੇ ਵਿਜੇ ਕੁਮਾਰ ਨਾਲ ਮੀਟਿੰਗ ਹੋਈ, ਜਿਸ ਵਿਚ ਉਸ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੇ ਕੋਟੇ ਵਿਚ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਉਹ ਨੌਕਰੀ ਲਗਵਾ ਦੇਣਗੇ। ਫਿਰ ਉਹ ਇਕ ਮੁਲਜ਼ਮ ਦੇ ਘਰ ਪਿੰਡ ਝੰਜੇੜੀ ਚਲੇ ਗਏ, ਜਿਥੇ ਉਸ ਨੇ ਦਸਤਾਵੇਜ਼ ਲੈ ਲਏ ਅਤੇ ਪੈਸਿਆਂ ਦੀ ਮੰਗ ਕੀਤੀ। ਸ਼ਿਕਾਇਤਕਰਤਾ ਸਮੇਤ ਕੁੱਲ 32 ਵਿਅਕਤੀਆਂ ਨੇ 70 ਲੱਖ ਰੁਪਏ ਮੁਲਜ਼ਮਾਂ ਨੂੰ ਦੇ ਦਿੱਤੇ ਪਰ ਉਨ੍ਹਾਂ ਦੀ ਨੌਕਰੀ ਨਹੀਂ ਲਵਾਈ ਗਈ।

## 2 ਟਰੈਕਟਰਾਂ ਦੀ ਭਿਆਨਕ ਟੱਕਰ 'ਚ ਤਾਏ-ਭਤੀਜੇ ਦੀ ਹੋਈ ਮੌਤ



**ਮੂਨਕ/ਜਾਗ੍ਰਿਤੀ ਬਿਊਰੋ**

ਪਿੰਡ ਬੁਸਹਿਰਾ ਦੀ ਅਨਾਜ ਮੰਡੀ ਨੇੜੇ 2 ਟਰੈਕਟਰਾਂ ਦੀ ਆਪਸੀ ਟੱਕਰ ਨਾਲ ਇਕ ਟਰੈਕਟਰ ਦਾ ਸੰਤੁਲਨ ਵਿਗੜਨ ਕਾਰਨ ਖੇਤਾਂ ਵਿਚ ਪਲਟ ਜਾਣ 'ਤੇ ਇਕੋ ਪਰਿਵਾਰ ਦੇ ਤਾਇਆ-ਭਤੀਜਾ ਗੰਭੀਰ ਜਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਮੂਨਕ ਦੇ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ, ਜਿਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮੂਨਕ ਪੁਲਸ ਨੇ ਮੌਕੇ 'ਤੇ ਜਾ ਕੇ ਜਾਂਚ ਸ਼ੁਰੂ ਕਰ ਦਿੱਤੀ। ਜਾਣਕਾਰੀ ਮੁਤਾਬਕ ਨਾਜਰ ਸਿੰਘ (45) ਪੁੱਤਰ ਹਰਦੇਵ ਸਿੰਘ ਵਾਸੀ ਬੁਸ਼ਹਿਰਾ ਤੇ ਉਸ ਦਾ ਭਤੀਜਾ ਅਮਨਜੋਤ ਸਿੰਘ (14) ਪੁੱਤਰ ਰਾਜਵੀਰ ਸਿੰਘ ਟਰੈਕਟਰ 'ਤੇ ਮਕਾਨ ਬਣਾਉਣ ਲਈ ਮੂਨਕ ਤੋਂ ਕੁਝ ਸਾਮਾਨ ਖ਼ਰੀਦ ਕੇ ਆਪਣੇ ਪਿੰਡ ਆ ਰਹੇ ਸਨ। ਜਦੋਂ ਉਹ ਪਿੰਡ ਦੀ ਅਨਾਜ ਮੰਡੀ ਕੋਲ ਪਹੁੰਚੇ ਤਾਂ ਪਿੱਛੋਂ ਆ ਰਹੇ ਸੀਮੈਂਟ ਦੇ ਭਰੇ ਇਕ ਟਰੈਕਟਰ ਨੇ ਇਨ੍ਹਾਂ ਦੇ ਟਰੈਕਟਰ ਨੂੰ ਟੱਕਰ ਮਾਰ ਦਿੱਤੀ, ਜਿਸ ਨੂੰ ਧਰਮਪਾਲ ਪੁੱਤਰ ਜਗਜੀਤ ਸਿੰਘ ਵਾਸੀ ਕੌਹਰੀਆਂ ਚਲਾ ਰਿਹਾ ਸੀ। ਟੱਕਰ ਲੱਗਣ ਉਪਰੰਤ ਨਾਜਰ ਸਿੰਘ ਦੇ ਟਰੈਕਟਰ ਦਾ ਸੰਤੁਲਨ ਵਿਗੜ ਜਾਣ ਕਾਰਨ ਪਲਟ ਗਿਆ, ਜਿਸ ਨਾਲ ਤਾਇਆ ਤੇ ਭਤੀਜਾ ਟਰੈਕਟਰ ਦੇ ਥੱਲੇ ਦੱਬ ਗਏ, ਜਿਨ੍ਹਾਂ ਨੂੰ ਰਾਹਗੀਰਾਂ ਨੇ ਬਾਹਰ ਕੱਢਿਆ ਤੇ ਤੁਰੰਤ ਮੂਨਕ ਦੇ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਲਾਸ਼ਾਂ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਮੂਨਕ ਪੁਲਸ ਨੇ ਮੌਕੇ 'ਤੇ ਜਾਂਚ ਸ਼ੁਰੂ ਕਰਕੇ ਮਾਮਲਾ ਦਰਜ ਕਰ ਲਿਆ ਹੈ।

## ਜਨਮਦਿਨ ਦੀ ਪਾਰਟੀ 'ਤੇ ਨੌਜਵਾਨਾਂ ਨੇ ਚਲਾਈਆਂ ਗੋਲੀਆਂ

**ਲੁਧਿਆਣਾ/ਜਾਗ੍ਰਿਤੀ ਬਿਊਰੋ**

ਪਾਰਟੀ ਜਾਂ ਵਿਆਹ ਸਮਾਰੋਹ 'ਚ ਹਥਿਆਰ ਚਲਾਉਣ 'ਤੇ ਪੁਲਸ ਵੱਲੋਂ ਪਾਬੰਦੀ ਹੈ ਪਰ ਇੱਥੇ ਇਕ ਨੌਜਵਾਨ ਦੀ ਜਨਮਦਿਨ ਦੀ ਪਾਰਟੀ ਦੌਰਾਨ ਉਸ ਦੇ ਦੋਸਤਾਂ ਨੇ ਹਵਾਈ ਫਾਇਰ ਕੀਤੇ। ਇੰਨਾ ਹੀ ਨਹੀਂ, ਉਪਰੋਕਤ ਫਾਇਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਪਾ ਦਿੱਤੀ, ਜੋ ਕਿ ਕਾਫੀ ਵਾਇਰਲ ਹੋ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਸ ਨੌਜਵਾਨ ਦਾ ਜਨਮ ਦਿਨ ਸੀ, ਉਹ ਸਿਆਸੀ ਪਾਰਟੀ ਲਿਪ ਦਾ ਯੂਥ ਆਗੂ ਦੱਸਿਆ ਜਾ ਰਿਹਾ ਹੈ। ਭਾਵੇਂ ਕਿ ਇਸ ਸਬੰਧ 'ਚ ਪੁਲਸ ਦੇ ਕੋਲ ਕੋਈ ਜਾਣਕਾਰੀ ਨਹੀਂ ਹੈ। ਪੁਲਸ ਪਾਰਟੀ ਦਾ ਕਹਿਣਾ ਹੈ ਕਿ ਉਹ ਇਸ ਦੀ ਜਾਂਚ ਕਰਨਗੇ। ਦਰਅਸਲ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਹੀ ਸੀ। ਇਸ 'ਚ ਇਕ ਨੌਜਵਾਨ ਦੋਸਤਾਂ ਦੇ ਨਾਲ ਜਨਮਦਿਨ ਮਨਾ ਰਿਹਾ ਸੀ। ਇਸ ਦੌਰਾਨ ਕੁੱਝ ਨੌਜਵਾਨ ਆਪਣੇ ਚਹੇਤੇ ਆਗੂ ਦਾ ਮੂੰਹ ਮਿੱਠਾ ਕਰਵਾ ਰਹੇ ਸੀ। ਅਚਾਨਕ ਹੀ ਇਕ ਨੌਜਵਾਨ ਨੇ ਆਪਣੇ ਪਿੱਛੇ ਇਕ-ਇਕ ਕਰਦੇ ਦੋਨਾਲੀ ਨਾਲ ਦੋ ਹਵਾਈ ਫਾਇਰ ਕਰ ਦਿੱਤੇ। ਕੁੱਝ ਨੌਜਵਾਨ ਉਸ ਦੀ ਵੀਡੀਓ ਬਣਾ ਰਹੇ ਸੀ, ਜੋ ਕਿ ਉਨ੍ਹਾਂ ਨੇ ਫੇਸਬੁੱਕ ਪੇਜ 'ਤੇ ਵੀ ਅਪਲੋਡ ਕੀਤੀ ਹੈ। ਸ਼ਨੀਵਾਰ ਨੂੰ ਇਹ ਵੀਡੀਓ ਵਾਇਰਲ ਹੋ ਗਈ, ਜੋ ਕਿ ਸ਼ਹਿਰ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਭਾਵੇਂ ਕਿ ਇਸ ਬਾਰੇ ਵਿਚ ਜਦ ਏ. ਸੀ. ਪੀ. (ਇੰਡਸਟਰੀ ਏਰੀਆ ਬੀ) ਸੰਦੀਪ ਵਢੇਰਾ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਕੋਈ ਮਾਮਲਾ ਨਹੀਂ ਹੈ।

## ਏਜੰਟਾਂ ਦਾ ਇਕ ਹੋਰ ਕਾਰਨਾਮਾ: ਦੁਬਈ 'ਚ ਕੰਮ ਦਿਵਾਉਣ ਦਾ ਝਾਂਸਾ ਦੇ ਕੇ ਔਰਤ ਨੂੰ ਭੇਜਿਆ ਓਮਾਨ




**ਮਲੋਟ/ਜਾਗ੍ਰਿਤੀ ਬਿਊਰੋ**

ਮਲੋਟ ਉਪ ਮੰਡਲ ਦੇ ਪਿੰਡ ਬੋਦੀਵਾਲਾ ਨਾਲ ਸਬੰਧਤ ਇਕ ਔਰਤ ਨੂੰ ਟ੍ਰੈਵਲ ਏਜੰਟਾਂ ਵੱਲੋਂ ਦੁਬਈ 'ਚ ਕੰਮ ਦਿਵਾਉਣ ਦਾ ਝਾਂਸਾ ਦੇ ਕੇ ਹੋਰ ਦੇਸ਼ (ਓਮਾਨ) ਭੇਜਣ ਤੇ ਅੱਗੇ ਵੇਚਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੀੜਤ ਔਰਤ ਨੇ ਵੀਡੀਓ ਮੈਸੇਜ ਰਾਹੀਂ ਆਪਣੇ ਪਤੀ ਨੂੰ ਦੱਸਿਆ ਕਿ ਉਸ ਨੂੰ ਏਜੰਟਾਂ ਨੇ ਦੁਬਈ ਭੇਜਣ ਦੀ ਥਾਂ ਇੱਥੇ ਭੇਜ ਕੇ ਵੇਚ ਦਿੱਤਾ ਹੈ ਤੇ ਉਸ ਨੂੰ ਇੱਥੋਂ ਛੁਡਾਇਆ ਜਾਵੇ।

ਪੀੜਤਾ ਦੇ ਪਤੀ ਨੇ ਕਬਰਵਾਲਾ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਹੈ ਕਿ ਉਹ ਮਿਹਨਤ-ਮਜਦੂਰੀ ਕਰਦਾ ਹੈ, ਉਸ ਦੇ 3 ਬੱਚੇ ਹਨ ਤੇ ਘਰ ਦੀ ਮਾਲੀ ਹਾਲਤ ਠੀਕ ਨਾ ਹੋਣ ਕਰਕੇ ਉਸ ਦੀ ਪਤਨੀ ਨੇ ਦੁਬਈ ਜਾਣ ਦੀ ਇੱਛਾ ਪ੍ਰਗਟਾਈ ਸੀ। ਇਸ ਸਬੰਧੀ ਪੱਟੀ ਸਹਿਰ ਦੇ ਏਜੰਟ ਰੇਸਮ ਸਿੰਘ ਪਿੰਡ ਸਥਾਰਪੁਰਾ ਅਤੇ ਕਮਲਜੀਤ ਕੌਰ ਵਾਸੀ ਸਿੰਗਲ ਬਸਤੀ ਪੱਟੀ ਦੇ ਸੰਪਰਕ ਵਿੱਚ ਆ ਗਏ, ਜਿਨ੍ਹਾਂ ਨੇ ਮੇਰੀ ਪਤਨੀ ਨੂੰ ਦੁਬਈ ਪਹੁੰਚਾਉਣ ਲਈ ਜੂਨ ਮਹੀਨੇ ਸਾਡੇ ਤੋਂ ਕਾਗਜ-ਪੱਤਰ ਲੈ ਕੇ ਦੁਬਈ ਦਾ ਵੀਜਾ ਲਗਵਾ ਦਿੱਤਾ। ਇਸ ਤੋਂ ਬਾਅਦ ਬੀਤੀ 16 ਸਤੰਬਰ ਨੂੰ ਮੇਰੀ ਪਤਨੀ ਅੰਮ੍ਰਿਤਸਰ ਤੋਂ ਫਲਾਈਟ ਫੜ ਦੁਬਈ ਪਹੁੰਚ ਗਈ। ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ 17 ਸਤੰਬਰ ਨੂੰ ਉਸ ਦੀ ਪਤਨੀ ਨੇ ਫੋਨ 'ਤੇ ਰੋ-ਰੋ ਕੇ ਦੱਸਿਆ ਕਿ ਉਸ ਨੂੰ ਪਤਾ ਲੱਗਾ ਹੈ ਕਿ ਏਜੰਟ ਰੇਸਮ ਸਿੰਘ ਤੇ ਕਮਲਜੀਤ ਕੌਰ ਨੇ ਉਸ ਨੂੰ ਵੇਚ ਦਿੱਤਾ ਹੈ। ਉਸ ਨੂੰ ਇੱਥੇ ਬੰਦੀ ਬਣਾਇਆ ਹੋਇਆ ਹੈ ਤੇ ਪੈਸੇ ਵੀ ਖੋਹ ਲਏ ਹਨ। ਉਸ ਤੋਂ ਬਾਅਦ ਉਹ ਵਟਸਐਪ ਰਾਹੀਂ ਵਾਇਸ ਮੈਸੇਜ ਭੇਜਦੀ ਰਹੀ ਤੇ ਲਗਾਤਾਰ ਦੱਸਦੀ ਰਹੀ ਕਿ ਉਸ ਦਾ ਸਰੀਰਕ ਸੋਸਣ ਅਤੇ ਕੁੱਟਮਾਰ ਹੋ ਰਹੀ ਹੈ ਤੇ ਅਲੱਗ-ਅਲੱਗ ਥਾਵਾਂ 'ਤੇ ਲਿਜਾਇਆ ਜਾ ਰਿਹਾ ਹੈ। ਉਸ ਨਾਲ ਹੋਰ ਵੀ ਔਰਤਾਂ ਹਨ। ਅੱਜ-ਕੱਲ੍ਹ ਉਹ ਓਮਾਨ ਦੇ ਪਿੰਡ ਅਸਲ ਵਿੱਚ ਹੈ। ਸ਼ਿਕਾਇਤਕਰਤਾ ਅਨੁਸਾਰ ਉਨ੍ਹਾਂ ਨੇ ਮੈਂਬਰ ਪਾਰਲੀਮੈਂਟ ਸੰਤ ਬਲਵੀਰ ਸਿੰਘ ਸੀਚੇਵਾਲ ਰਾਹੀਂ ਭਾਰਤ ਦੇ ਵਿਦੇਸ ਮੰਤਰਾਲੇ ਨੂੰ ਵੀ ਸੂਚਿਤ ਕੀਤਾ ਹੈ ਪਰ ਕਈ ਦਿਨ ਹੋ ਗਏ, ਮਸਲਾ ਹੱਲ ਨਹੀਂ ਹੋ ਰਿਹਾ।

## ਪੰਜਾਬ ਦੇ ਮੁਹੱਲਾ ਕਲੀਨਿਕਾਂ ਦੀ ਚਰਚਾ ਗੁਜਰਾਤ ਤੱਕ, ਵਿਧਾਇਕਾਂ ਨੇ ਸੰਭਾਲੀ ਕਮਾਨ

**ਲੁਧਿਆਣਾ/ਜਾਗ੍ਰਿਤੀ ਬਿਊਰੋ**

ਭਾਜਪਾ ਦੇ ਗੜ੍ਹ ਮੰਨੇ ਜਾਂਦੇ ਗੁਜਰਾਤ 'ਚ ਸੰਨ੍ਹ ਲਾਉਣ ਲਈ ਆਮ ਆਦਮੀ ਪਾਰਟੀ ਨੇ ਆਪਣੀ ਪੂਰੀ ਤਾਕਤ ਝੋਕ ਦਿੱਤੀ ਹੈ। ਬੇਸ਼ੱਕ ਚੋਣਾਂ 'ਚ ਅਜੇ ਕਰੀਬ 2 ਮਹੀਨੇ ਦਾ ਸਮਾਂ ਹੈ ਪਰ 'ਆਪ' ਨੇ 27 ਸਾਲਾਂ ਤੋਂ ਸੱਤਾ 'ਤੇ ਕਾਬਜ ਭਾਜਪਾ ਨੂੰ ਹਟਾਉਣ ਲਈ ਗੁਜਰਾਤ ਦੇ ਲੋਕਾਂ ਨੂੰ ਪੰਜਾਬ ਅਤੇ ਦਿੱਲੀ 'ਚ ਖੋਲ੍ਹੇ ਗਏ ਮੁਹੱਲਾ ਕਲੀਨਿਕਾਂ ਅਤੇ ਦਿੱਲੀ ਦੇ ਸਰਕਾਰੀ ਸਕੂਲਾਂ ਦੀ ਬਦਲੀ ਤਸਵੀਰ ਦਿਖਾ ਕੇ ਲੁਭਾਉਣਾ ਸ਼ੁਰੂ ਕਰ ਦਿੱਤਾ ਹੈ। ਗੱਲ ਜੇਕਰ ਪੰਜਾਬ ਦੀ ਕਰੀਏ ਤਾਂ ਇੱਥੋਂ ਕਰੀਬ 60 ਟੀਮਾਂ, ਜਿਨ੍ਹਾਂ 'ਚ ਵਿਧਾਇਕ ਵੀ ਹਨ, ਗੁਜਰਾਤ ਦੇ ਗਲੀ-ਮੁਹੱਲਿਆਂ 'ਚ ਪੁੱਜ ਕੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ 6 ਮਹੀਨੇ 'ਚ ਕੀਤੇ ਕੰਮਾਂ ਬਾਰੇ ਦੱਸ ਰਹੇ ਹਨ।




ਮੌਜੂਦਾ ਸਮੇਂ 'ਚ ਲੁਧਿਆਣਾ ਨਾਰਥ ਤੋਂ ਵਿਧਾਇਕ ਮਦਨ ਲਾਲ ਬੱਗਾ, ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ, ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ, ਸਾਹਨੇਵਾਲ ਤੋਂ ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਗਿੱਲ ਤੋਂ ਵਿਧਾਇਕ ਜੀਵਨ ਸਿੰਘ ਸੰਗੋਵਾਲ ਪਾਰਟੀ ਦੇ ਵਾਲੰਟੀਅਰਾਂ ਨੂੰ ਨਾਲ ਲੈ ਕੇ ਅਹਿਮਦਾਬਾਦ, ਰਾਜਕੋਟ, ਬੜੋਦਰਾ, ਸੁਰਿੰਦਰ ਨਗਰ ਆਦਿ ਖੇਤਰਾਂ 'ਚ ਚੋਣ ਪ੍ਰਚਾਰ ਕਰ ਰਹੇ ਹਨ। ਖਾਸ ਤੌਰ 'ਤੇ ਸੂਬੇ 'ਚ ਖੋਲ੍ਹੇ ਗਏ ਆਮ ਆਦਮੀ ਮੁਹੱਲਾ ਕਲੀਨਿਕ, ਭ੍ਰਿਸ਼ਟਾਚਾਰ 'ਤੇ ਲਗਾਮ, ਬਿਜਲੀ ਦੇ ਜ਼ੀਰੋ ਬਿੱਲ, ਸਕੂਲਾਂ 'ਚ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਦੌਰਿਆਂ ਦੌਰਾਨ ਉਨ੍ਹਾਂ ਦੀ ਬੱਚਿਆਂ ਨਾਲ ਗੱਲਬਾਤ 'ਆਪ' ਦੇ ਚੋਣ ਪ੍ਰਚਾਰ ਦਾ ਹਿੱਸਾ ਹਨ। ਦੱਸ ਦੇਈਏ ਕਿ ਚੋਣਾਂ ਦੀਆਂ ਤਾਰੀਖਾਂ ਦੇ ਐਲਾਨ ਤੋਂ ਪਹਿਲਾਂ ਹੀ 'ਆਪ' ਨੇ 182 ਸੀਟਾਂ ਵਾਲੀ ਗੁਜਰਾਤ ਵਿਧਾਨ ਸਭਾ ਲਈ ਹੁਣ ਤੱਕ 41 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਵੀ ਕਰ ਦਿੱਤਾ ਹੈ, ਜਦੋਂਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਫਤੇ 'ਚ 1 ਤੋਂ 2 ਰੈਲੀਆਂ ਗੁਜਰਾਤ ਦੇ ਵੱਖ-ਵੱਖ ਵਿਧਾਨ ਸਭਾ ਖੇਤਰਾਂ 'ਚ ਕਰ ਰਹੇ ਹਨ।

ਚੋਣ ਪ੍ਰਚਾਰ ਕਰ ਰਹੇ ਵਿਧਾਇਕ ਮਦਨ ਲਾਲ ਬੱਗਾ ਨੇ ਦੱਸਿਆ ਕਿ ਪੰਜਾਬ ਵਿਚ 15 ਅਗਸਤ ਨੂੰ ਖੋਲ੍ਹੇ ਗਏ 100 ਮੁਹੱਲਾ ਕਲੀਨਿਕਾਂ ਦੀ ਚਰਚਾ ਗੁਜਰਾਤੀਆਂ ਦੀ ਜ਼ੁਬਾਨ 'ਤੇ ਹੈ। ਬੱਗਾ ਨੇ ਦੱਸਿਆ ਕਿ ਜਦੋਂ ਮੈਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੇਰੇ ਵਿਧਾਨ ਸਭਾ ਹਲਕੇ ਵਿਚ ਖੁਦ ਪੁੱਜ ਕੇ ਮੁਹੱਲਾ ਕਲੀਨਿਕਾਂ ਦੀ ਸ਼ੁਰੂਆਤ ਕਰਨ ਦੀ ਗੱਲ ਗੁਜਰਾਤ ਵਿਚ ਦੱਸੀ ਤਾਂ ਲੋਕ ਬੇਹੱਦ ਪ੍ਰਭਾਵਿਤ ਹੋਏ। ਉਨ੍ਹਾਂ ਨੇ ਕਿਹਾ ਕਿ ਗੁਜਰਾਤ ਵਿਚ ਵੀ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਦਿੱਲੀ ਅਤੇ ਪੰਜਾਬ ਦੀ ਤਰਜ਼ 'ਤੇ ਮੁਹੱਲਾ ਕਲੀਨਿਕ ਖੁੱਲ੍ਹਵਾਉਣਾ ਚਾਹੁੰਦੇ ਹਨ ਤਾਂ ਕਿ ਮੁਫਤ ਇਲਾਜ ਮਿਲ ਸਕੇ।




